*IOSR Journal of Humanities And Social Science (IOSR-JHSS)*
*Volume 22, Issue 12, Ver. 10 (December. 2017) 98-104*
*e-ISSN: 2279-0837, p-ISSN: 2279-0845.*
*www.iosrjournals.org*

# ਪੰਜਾਬੀ-ਕਾਵਿ ਵਿੱਚ ਮਾਲਵੇ ਦਾ ਯੋਗਦਾਨ

**ਡਾ. ਰਚਨਾ ਕੁਮਾਰੀ**
**(ਸਹਾਇਕ ਪ੍ਰੋਫੈਸਰ**
**ਨੈਸ਼ਨਲ ਡਿਗਰੀ ਕਾਲਜ**
**ਚੁਵਾੜਿਆ ਵਾਲੀ,ਫਾਜਿਲਕਾ)**

ਮਾਲਵੇ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਜੇਕਰ 19ਵੀਂ ਸਦੀ ਦੇ ਅੱਧ ਤੋਂ ਲੈ ਕੇ ਹੁਣ ਤੱਕ ਦੇ ਸੰਦਰਭ ਵਿੱਚ ਕਰੀਏ ਤਾਂ ਇਹ ਤੱਥ ਭਲੀ-ਭਾਂਤ ਉਜਾਗਰ ਹੁੰਦਾ ਹੈ ਕਿ ਇਸ ਇਲਾਕੇ ਦਾ ਇਤਿਹਾਸਿਕ ਰਾਜਸੀ ਅਤੇ ਸਾਹਿਤਿਕ ਪ੍ਰਾਪਤੀਆਂ ਕਾਰਨ ਬਾਕੀ ਖਿੱਤਿਆਂ ਦੇ ਮੁਕਾਬਲਤਨ ਅਵਲ ਦਰਜਾ ਹੈ। ਇਹ ਵੀ ਸਰਵ ਪ੍ਰਵਾਨਿਤ ਸੱਚਾਈ ਹੈ ਕਿ ਲਗਭਗ 75 ਫੀਸਦੀ ਸਾਹਿਤਕ ਯੋਗਦਾਨ ਇਸ ਇਲਾਕੇ ਦੇ ਲੋਕਾਂ ਦਾ ਰਿਹਾ ਹੈ।

ਪੰਜਾਬੀ ਸਾਹਿਤ ਦੇ ਪੱਖ ਤੋਂ ਮਾਲਵੇ ਦੀ ਧਰਤੀ ਨਾਲ ਸਭ ਤੋਂ ਪਹਿਲਾਂ ਨਾਮ ਬਾਬਾ ਫਰੀਦ ਦਾ ਜੁੜਦਾ ਹੈ। ਇਸ ਤੋਂ ਬਾਅਦ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਨਾਮ ਆਉਂਦਾ ਹੈ ਭਾਵੇਂ ਉਹ ਗੁਰੂ ਸਾਹਿਬ ਨੇ ਆਪਣੀ ਪ੍ਰਸਿੱਧ ਰਚਨਾ 'ਜਫ਼ਰਨਾਮਾ' ਫਾਰਸੀ ਜੁਬਾਨ ਵਿੱਚ ਦੀਨਾ ਕਾਂਗੜਾ ਵਿਖੇ ਰਚੀ। ਦਮਦਮਾ ਸਾਹਿਬ ਨੂੰ ਉਹਨਾਂ ਦੇ ਪਵਿੱਤਰ ਫ਼ਰਮਾਨ ਅਨੁਸਾਰ ਹੀ 'ਗੁਰੂ ਕੀ ਕਾਸ਼ੀ' ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਹ ਸਾਰਾ ਇਲਾਕਾ ਗੁਰੂ ਕਾ ਮਾਲਵਾ ਅਖਵਾਇਆ। ਮੱਧਕਾਲ ਦੀ ਸਾਹਿਤਕ ਪਰੰਪਰਾ (ਕਿੱਸਾ ਕਾਵਿ, ਵੀਰ ਕਾਵਿ, ਵਾਰਤਕ ਆਦਿ) ਵਿੱਚ ਲਗਭਗ ਸਾਰੇ ਖਿੱਤਿਆਂ ਦਾ ਬਰਾਬਰ ਯੋਗਦਾਨ ਰਿਹਾ ਹੈ। ਇਹਨਾਂ ਵਿੱਚੋਂ ਕਿੱਸਾ ਕਾਵਿ ਦੇ ਨਿਕਾਸ ਅਤੇ ਵਿਕਾਸ ਵਿੱਚ ਮਾਲਵੇ ਦੇ ਕਿੱਸਾਕਾਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਭਗਵਾਨ ਸਿੰਘ, ਸਾਧੂ ਸਦਾ ਰਾਮ, ਰਣ ਸਿੰਘ, ਹਜੂਰਾ ਸਿੰਘ, ਮਾਘੀ ਸਿੰਘ, ਬਾਬੂ ਰਜਬ ਅਲੀ, ਪੰਡਿਤ ਕਿਸ਼ੋਰ ਚੰਦ, ਸੂਰੈਣ ਸਿੰਘ ਆਰਿਫ, ਪੰਡਿਤ ਗੋਕਲ ਚੰਦ ਆਦਿ ਦੇ ਨਾਮ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ। ਇਹਨਾਂ ਉਪਰੋਕਤ ਕਿੱਸਾਕਾਰਾਂ ਨੇ ਜਿੱਥੇ ਉਸ ਸਮੇਂ ਦੀਆਂ ਪ੍ਰਚਲਿਤ ਕਥਾਵਾਂ ਨੂੰ ਆਪਣੀਆਂ ਰਚਨਾਵਾਂ ਦਾ ਆਧਾਰ ਬਿੰਦੂ ਬਣਾਇਆ ਉੱਥੇ ਨਾਲ ਹੀ ਮਾਲਵੇ ਦੀਆਂ ਲੋਕ-ਗਥਾਵਾਂ ਵੀ ਲੋਕਾਂ ਸਾਹਮਣੇ ਲਿਆਂਦੀਆਂ। ਭਗਵਾਨ ਸਿੰਘ ਮਾਲਵੇ ਦਾ ਪਹਿਲਾ ਕਿੱਸਾਕਾਰ ਹੈ। ਇਸ ਦਾ ਜਨਮ 1842 ਈ: ਵਿੱਚ ਮਾਲਵੇ ਦੇ ਘੁੱਗ ਵਸਦੇ ਪਿੰਡ ਸਿੱਧੂ ਜੱਟਾਂ ਦੇ ਖੇੜੇ, ਮਹਿਰਾਜ (ਜ਼ਿਲ੍ਹਾ ਬਠਿੰਡਾ) ਵਿਖੇ ਹੋਇਆ। ਆਪਣੇ 1878 ਈ: ਵਿੱਚ 'ਹੀਰ' ਕਬਿੱਤਾ ਵਿੱਚ ਲਿਖੀ ਜੋ 1886 ਈ: ਵਿੱਚ ਲਾਹੌਰ ਤੋਂ ਪ੍ਰਕਾਸ਼ਿਤ ਹੋਈ। ਭਗਵਾਨ ਸਿੰਘ ਨੂੰ ਮਾਲਵੇ ਦਾ 'ਵਾਰਸ ਸ਼ਾਹ' ਕਿਹਾ ਜਾਂਦਾ ਸੀ। ਹੀਰ ਤੋਂ ਬਿਨਾਂ ਮਿਰਜਾ-ਸਾਹਿਬਾ, ਸੋਹਣੀ ਮਹਿਵਾਲ ਅਤੇ ਜੱਟ ਜਿਊਣਾ ਮੌੜ, ਰਚਨਾਵਾਂ ਆਪ ਦੀ ਮੰਨੀਆਂ ਜਾਂਦੀਆਂ ਹਨ।

ਇਸ ਤੋਂ ਬਾਅਦ ਪੰਡਿਤ ਕਿਸ਼ੋਰ ਚੰਦ ਬਦੋਵਾਲੀਆ ਦਾ ਨਾਮ ਆਉਂਦਾ ਹੈ। ਆਪ ਦੇ ਮਲਵਈ ਕਿੱਸਾਕਾਰਾਂ ਵਿੱਚੋਂ ਸਭ ਤੋਂ ਵੱਧ ਕਿੱਸੇ ਮੰਨੇ ਜਾਂਦੇ ਹਨ। ਦਸ਼ਮੇਸ਼ ਗੁਰ ਹੁਲਾਸ ਵਿੱਚ ਆਪਣੇ ਸ਼੍ਰੀ ਗੁਰੂ ਗੋਬਿੰਦ ਸਿੰਘ ਦੀ ਮਹਿਮਾ ਗਾਈ ਹੈ। ਇਸੇ ਤਰ੍ਹਾਂ ਹੀ ਸਾਧੂ ਸਦਾ ਰਾਮ ਨੇ ਵੀ ਕਿੱਸਿਆਂ ਰਾਹੀਂ ਗੁਰੂ ਸਾਹਿਬਾਨ ਦੀ ਉਸਤੱਤ ਕੀਤੀ ਹੈ:

ਗੁਰੂ ਤੇਗ ਬਹਾਦਰ ਕੇ ਸੱਤ ਕੀ, ਮਨ ਮੇ ਉਪਮਾ ਸ਼ਰਮਾਵਤ ਹੈ।
ਖਤ ਤੀਕ ਕਰੋੜ ਲਿਖੇ, ਗੁਰੂ ਮਹਿਮਾ ਕਾ ਅੰਤ ਨ ਆਵਤ ਹੈ।
ਜਸ ਜੋਗ ਭਲਾ ਕਰਨਾ ਤਬ ਲੋ, ਜਬ ਲੋ ਦਮ ਆਵਤ ਜਾਵਤ ਹੈ।
ਸਦਾ ਰਾਮ ਕਾ ਕਾਰਜ ਕਿਉਂ ਨ ਸਰੇ, ਰਸਨਾ ਗੁਰੂ ਕੇ ਜਸ ਗਾਵਤ ਹੈ।

ਲੋਕ ਗੀਤ ਦੀ ਇੱਕ ਵੰਨਗੀ 'ਬੋਲੀਆਂ' ਨੂੰ ਮਾਲਵੇ ਦੇ ਪ੍ਰਸਿੱਧ ਕਿੱਸਾਕਾਰ ਛੱਜੂ ਸਿੰਘ ਨੇ ਆਪਣੇ ਕਿੱਸਿਆਂ ਵਿੱਚ ਨਵੇਕਲੇ ਅੰਦਾਜ਼ ਵਿੱਚ ਪੇਸ਼ ਕੀਤਾ। ਛੱਜੂ ਸਿੰਘ ਨੇ ਬੋਲੀਆਂ ਵਿੱਚ ਹੀ ਮੁਕੰਮਲ ਕਿੱਸੇ ਲਿਖੇ, ਜੋ ਪੰਜਾਬੀ ਕਿੱਸਾ-ਕਾਵਿ ਦੀ ਇੱਕ ਵੱਖਰੀ ਪ੍ਰਾਪਤੀ ਹੈ। ਬੇਗੋ ਨਾਰ, ਨਲ ਦਮਯੰਤੀ ਕਿੱਸੇ ਵੀ ਛੱਜੂ ਸਿੰਘ ਦੇ ਨਾਮ ਹੇਠ ਜ਼ਿਕਰਯੋਗ ਹਨ। ਮਾਲਵੇ ਦੇ ਕਿੱਸਾਕਾਰਾਂ ਨੇ ਮਾਲਵੇ ਵਿੱਚ ਪ੍ਰਚਲਿਤ ਪ੍ਰੀਤ ਕਥਾਵਾਂ ਨੂੰ

ਕਾਵਿ ਬੱਧ ਕੀਤਾ ਹੈ। ਇਹਨਾਂ ਵਿੱਚ ਪ੍ਰਮੁੱਖ ਪੰਡਤ ਗੋਕਲ ਚੰਦ ਰਚਿਤ ਕਾਕਾ ਪ੍ਰਤਾਪੀ, ਪੰਡਿਤ ਕਿਸ਼ੋਰ ਚੰਦ ਕਰਤਾ ਜੈਕੁਰ-ਬਿਸ਼ਨ ਸਿੰਘ, ਸੁਰੈਣ ਸਿੰਘ ਆਰਿਫ ਕਰਤਾ ਬੂਟਾ ਸਿੰਘ–ਜੈਨਬ ਆਦਿ ਹਨ। ਮਾਲਵੇ ਦੇ ਖਿੱਤੇ ਵਿੱਚ ਬਾਬੂ ਰਜ਼ਬ ਅਲੀ ਦੀ ਚੜ੍ਹਤ ਨੂੰ ਕਿੱਸਾ ਕਾਵਿ ਦਾ ਸਿਖਰ ਮੰਨਿਆਂ ਜਾਂਦਾ ਹੈ। ਆਪ ਜੀ ਦਾ ਜਨਮ 10 ਅਗਸਤ 1944 ਈ: ਨੂੰ ਪਿੰਡ ਸਾਹੋਕੇ ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ। ਆਪ ਪਿੰਗਲ ਦੇ ਮਾਹਿਰ ਸਨ ਅਤੇ ਮਾਲਵੇ ਵਿੱਚ ਆਪ ਜੀ ਦੀ ਕਵੀਸ਼ਰੀ ਬਹੁਤ ਪ੍ਰਸਿੱਧ ਸੀ। ਨਲ ਦਮਯੰਤੀ, ਕੌਲਾਂ ਸ਼ਾਹਣੀ ਤੇ ਰਾਜਾ ਰਸਾਲੂ ਸ਼ਹੀਦ ਭਗਤ ਸਿੰਘ, ਸੁੱਚਾ ਸਿੰਘ ਸੂਰਮਾ, ਹਿੰਦ ਚੀਨ ਜੰਗ ਪ੍ਰਸਿੱਧ ਰਚਨਾਵਾਂ ਹਨ। ਸਾਧੂ ਦਯਾ ਸਿੰਘ ਆਰਿਫ ਦਾ ਜਨਮ ਜਲਾਲਾਬਾਦ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਰਦਾਰ ਸੰਤਾ ਸਿੰਘ ਦੇ ਘਰ ਹੋਇਆ। ਫਨਾਹ ਦਾ ਮਕਾਨ, ਜ਼ਿੰਦਗੀ ਬਿਲਾਸ ਅਤੇ ਸਪੁੱਤਰ ਬਿਲਾਸ ਆਪਦੇ ਪ੍ਰਸਿੱਧ ਧਾਰਮਿਕ ਕਿੱਸੇ ਹਨ। ਫਨਾਹ ਦਾ ਮਕਾਨ ਕਿੱਸਾ ਕਵੀ ਨੇ 21 ਸਾਲ ਦੀ ਉਮਰ ਵਿੱਚ ਲਿਖਿਆ ਅਤੇ ਇਸਦੀਆਂ ਲੱਖਾਂ ਦੀ ਗਿਣਤੀ ਵਿੱਚ ਕਾਪੀਆਂ ਛਪੀਆਂ। ਇਹ ਲਘੂ ਅਕਾਰੀ ਰਚਨਾ ਮਾਲਵੇ ਵਿੱਚ ਬਹੁਤ ਪ੍ਰਸਿੱਧ ਹੋਈ। ਮੂਸਾ ਲੁਧਿਆਣਵੀ (1885) ਨੇ ਕਿੱਸਾ ਮੁਸਲਮਾਨ ਮੇਮ, ਕਿੱਸਾ ਦਿਲ ਖੁਰਸ਼ੀਦ, ਕਿੱਸਾ ਮੂਸਾ ਦੀ ਝੋਕ ਵਾਲੀ, ਝੋਕ ਰਸੂਲ, ਝੋਕ ਰਾਂਝਾ ਆਦਿ ਲਿਖੇ। ਰਣ ਸਿੰਘ ਨਿਹਾਲੂਵਾਲ ਤਹਿਸੀਲ ਧਨੌਲਾ ਦਾ ਵਸਨੀਕ ਸੀ। ਇਸ ਦੀ ਜਿਆਦਾ ਪ੍ਰਸਿੱਧੀ ਹੀਰ ਕਾਰਨ ਹੋਈ। ਮਹੱਤਵ ਵਾਲੀ ਗੱਲ ਇਹ ਹੈ ਕਿ ਰਣ ਸਿੰਘ ਨੇ ਹੀਰ ਨੂੰ ਪੌਰਾਣਿਕ ਕਥਾ ਦਾ ਰੂਪ ਦਿੱਤਾ। ਉਸਨੇ ਹੀਰ ਕਲੀਆਂ ਵਿੱਚ ਲਿਖ ਕੇ ਦੂਜਿਆਂ ਤੋਂ ਆਪਣੇ ਆਪ ਨੂੰ ਅਲੱਗ ਸਿੱਧ ਕੀਤਾ। ਇੰਜ ਇਹ ਕਿੱਸਾਕਾਰ, ਜਿੱਥੇ ਨਵੀ ਸਭਿਅਤਾ ਨਾਲ ਆ ਰਹੀਆਂ ਨਵੀਆਂ ਕੁਰੀਤੀਆਂ ਨੂੰ ਆਪਣੇ ਵਿਅੰਗਬਾਣਾਂ ਦਾ ਨਿਸ਼ਾਨਾ ਬਣਾਉਂਦੇ ਸਨ ਉੱਥੇ ਦੂਜੇ ਪਾਸੇ ਪੁਰਾਣੇ ਸੱਭਿਆਚਾਰ ਵਿੱਚੋਂ ਚੰਗੀਆਂ ਸਦਾਚਾਰਕ ਕੀਮਤਾਂ ਦਾ ਪੁਨਰ-ਉਥਾਨ ਲੋਚਦੇ ਸਨ। ਉਹ ਆਮ ਜਨ ਚੇਤਨਾ ਦੇ ਭਾਵਾਂ ਨੂੰ ਸਥਾਨਕ ਭਾਸ਼ਾ ਵਿੱਚ ਕਾਵਿ ਅਲੰਕਾਰਾਂ ਨਾਲ ਸਜਾ ਕੇ ਨਵੇ-ਨਵੇ ਛੰਦਾਂ ਵਿੱਚ ਬੰਨ੍ਹ ਕੇ ਪੇਸ਼ ਕਰਦੇ ਸਨ। ਜਿਸ ਸਮੇਂ ਮਾਲਵੇ ਵਿੱਚ ਕਵੀਸ਼ਰਾਂ ਦਾ ਜ਼ੋਰ ਸੀ ਉਸ ਸਮੇਂ ਪੰਜਾਬ ਦੇ ਗੈਰ-ਮਲਵਈ ਖਿੱਤਿਆਂ ਵਿੱਚ ਕਵਿਤਾ ਆਪਣਾ ਮੂੰਹ ਮੱਥਾ ਨਿਖਾਰ ਰਹੀ ਸੀ।

ਪਿਆਰਾ ਸਿੰਘ ਪਦਮ ਲਿਖਦੇ ਹਨ ਕਿ 20ਵੀਂ ਸਦੀ ਦੇ ਆਰੰਭ ਨਾਲ ਰਾਜਸੀ ਚੇਤਨਾ ਆਰੰਭ ਹੋਈ ਅਤੇ ਅੰਗਰੇਜ਼ ਸਾਮਰਾਜ ਵਿਰੁੱਧ ਸਟੇਜ ਬਣਨ ਤੇ ਸਟੇਜੀ ਕਵੀ ਆਪਣੀਆਂ ਲਿਖਤਾਂ ਰਾਂਹੀ ਲੋਕਾਂ ਦੇ ਸਨਮੁੱਖ ਹੋਣ ਲੱਗੇ ਇਸ ਸਮੇਂ ਦੇ ਬਹੁਤੇ ਸਟੇਜੀ ਕਵੀ ਸਤਲੁਜ ਪਾਰ ਪੈਦਾ ਹੋਏ ਸਨ। ਸ਼ਰਧਾ ਅਤੇ ਰੁਮਾਂਸ ਦੇ ਭਾਵਾਂ ਨਾਲ ਉਤਪੋਤ ਪੰਜਾਬੀ ਕਵਿਤਾ ਆਧੁਨਿਕ ਕਾਲ ਤੋਂ ਪਹਿਲਾਂ ਹੀ ਲੋਕਾਂ ਦੀ ਜੁਬਾਨ ਤੇ ਰਚ ਚੁੱਕੀ ਸੀ। ਆਧੁਨਿਕ ਕਵਿਤਾ ਦਾ ਆਰੰਭਕ ਕਾਲ 20ਵੀਂ ਸਦੀ ਦਾ ਸ਼ੁਰੂ ਦਾ ਸਮਾਂ ਮੰਨਿਆ ਜਾ ਸਕਦਾ ਹੈ। ਇਸ ਸਦੀ ਦੇ ਮੁੱਢਲੇ ਦਹਾਕਿਆਂ ਵਿੱਚ ਕਵਿਤਾ ਨੇ ਇਨਾਂ ਵਿਕਾਸ ਕੀਤਾ ਕਿ ਕਵਿਤਾ ਨੇ ਸਾਹਿਤ ਦੀ ਸਭ ਤੋਂ ਸ੍ਰੇਸ਼ਟ ਵੰਨਗੀ ਦਾ ਸਥਾਨ ਹਾਸਿਲ ਕਰ ਲਿਆ। ਪੰਜਾਬੀ ਕਵਿਤਾ ਦਾ ਜ਼ਿਕਰ ਜੇਕਰ ਮਾਲਵੇ ਖਿੱਤੇ ਦੇ ਪੱਖ ਤੋਂ ਕੀਤਾ ਜਾਵੇ ਤਾਂ ਇਸ ਸ਼੍ਰੈਣੀ ਵਿੱਚ ਸਭ ਤੋਂ ਪਹਿਲਾਂ ਭਾਈ ਰਣਧੀਰ ਸਿੰਘ ਨਾਰੰਗਵਾਲ (ਲੁਧਿਆਣਾ) ਜਨਮ 1878 ਈ: ਅਤੇ ਅਕਾਲ ਚਲਾਣਾ 1961 ਈ: ਦਾ ਜ਼ਿਕਰ ਆਉਂਦਾ ਹੈ। ਧਾਰਮਿਕ ਪ੍ਰਵਿਰਤੀ ਦੇ ਮਾਲਕ ਹੋਣ ਕਾਰਨ ਆਪ ਦੀਆਂ ਕਾਵਿ ਰਚਨਾਵਾਂ ਤੇ ਧਾਰਮਿਕ ਰੰਗਨ ਭਾਰੂ ਹੈ। ਦਰਸ਼ਨ ਝਲਕਾਂ ਦੇ ਜੋਤ ਵਿਗਾਸ ਆਪ ਦੀਆਂ ਕਾਵਿ ਰਚਨਾਵਾਂ ਹਨ। ਭਾਈ ਸਾਹਿਬ ਉੱਤੇ ਗੁਰਬਾਣੀ ਦੀ ਸ਼ਬਦਾਵਲੀ ਤੇ ਪਰੰਪਰਾ ਦਾ ਬੜਾ ਤੀਖਨ ਰੰਗ ਚੜਿਆ ਹੋਇਆ ਸੀ।

ਹੋਈ ਰਸ ਲੀਣ ਮਹਾਂ ਰਸ ਖੀਵੀ ਆਸਨ ਅਚਲ ਜਮਾਇਆ ਹੈ
ਹਿਲਾਂ ਕਿਵੇਂ ਹਿੱਲ ਨਾ ਹੋਵੇ ਸੁਆਦ ਅਗਦ ਚਖਾਇਆ ਹੈ।

ਆਧੁਨਿਕ ਪੰਜਾਬੀ ਕਵੀਤਾ ਵਿੱਚ ਮਾਲਵੇ ਦੀ ਧਰਤੀ ਨਾਲ ਸਭ ਤੋਂ ਵੱਡਾ ਨਾਮ ਪ੍ਰੋਫੈਸਰ ਮੋਹਨ ਸਿੰਘ ਦਾ ਜੁੜਦਾ ਹੈ। ਭਾਵੇਂ ਉਹ ਗੈਰ-ਮਲਵਈ ਖਿੱਤੇ ਨਾਲ ਸਬੰਧਿਤ ਸਨ ਪਰੰਤੂ ਆਪਣੀ ਜ਼ਿੰਦਗੀ ਦਾ ਕਾਫੀ ਸਮਾਂ ਉਹਨਾਂ ਖਾਲਸਾ ਕਾਲਜ, ਪਟਿਆਲਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ (1970 ਤੋਂ 1974) ਵਿਖੇ ਬਿਤਾਇਆ। ਆਪਣੀ ਜ਼ਿੰਦਗੀ ਦੇ ਆਖਰੀ ਸਾਹ ਵੀ ਉਹਨਾਂ ਮਾਲਵੇ ਦੀ ਧਰਤੀ ਲੁਧਿਆਣਾ ਵਿਖੇ ਲਏ। ਪ੍ਰੋਫੈਸਰ ਮੋਹਨ ਸਿੰਘ ਤੋਂ ਪਹਿਲਾਂ ਸਮੁੱਚੀ ਕਵਿਤਾ ਭਾਈ ਵੀਰ ਸਿੰਘ ਦੇ ਪ੍ਰਭਾਵ ਹੇਠ ਸਿਰਜੀ ਜਾਂਦੀ ਸੀ ਪਰੰਤੂ ਇਹਨਾਂ ਦੀ ਆਮਦ ਆਪਣੇ ਆਪ ਵਿੱਚ ਇੱਕ ਨਵੇਂ ਯੁੱਗ ਦਾ ਆਗਾਜ਼ ਮੰਨਿਆ ਜਾਂਦਾ ਹੈ। ਮੋਹਨ ਸਿੰਘ ਪਹਿਲਾਂ ਕਵੀ ਹੈ ਜੋ ਭਾਈ ਵੀਰ ਸਿੰਘ ਪਰੰਪਰਾ ਤੋਂ ਪੂਰਨ ਰੂਪ ਵਿੱਚ ਨਿਰਲੇਪ ਰਹਿੰਦਾ ਹੈ। 1930 ਈ: ਤੋਂ ਬਾਅਦ ਪੰਜਾਬੀ ਕਵਿਤਾ ਵਿੱਚ ਜੋ ਨਵੇਂ ਝੁਕਾਅ ਦ੍ਰਿਸ਼ਟੀਗੋਚਰ ਹੋਏ, ਮੋਹਨ ਸਿੰਘ ਨੂੰ ਉਹਨਾਂ ਦਾ ਮੋਢੀ ਕਿਹਾ ਜਾ ਸਕਦਾ ਹੈ। ਚਾਰ ਹੰਝੂ (1935) ਸਾਵੇ ਪੱਤਰ (1935) ਕਸੁੰਭੜਾ (1939) ਅਧਵਾਟੇ (1943) ਕੱਚ ਸੱਚ (1950) ਆਵਾਜਾਂ (1954) ਵੱਡਾ ਵੇਲਾ (1958) ਜਿੰਦਰੇ (1964) ਜੈਮੀਰ (1968) ਨਨਕਾਇਣ (1972) ਬੂਹੇ (1977) ਕਾਵਿ ਸੰਗ੍ਰਹਿ ਅਤੇ ਮਹਾਕਾਵਿ ਵਰਨਣਯੋਗ ਹਨ। ਆਪ ਨੂੰ 'ਵੱਡਾ ਵੇਲਾ' ਕਾਵਿ ਪੁਸਤਕ ਤੇ 1959 ਈ: ਵਿੱਚ ਸਾਹਿਤ ਅਕਾਦਮੀ ਇਨਾਮ ਮਿਲਿਆ। ਮੋਹਨ ਸਿੰਘ ਦੀ ਕਵਿਤਾ ਦੀ ਵੱਡੀ ਖੂਬੀ ਉਸਦਾ ਪ੍ਰਗਤੀਵਾਦੀ ਵਿਚਾਰ ਪ੍ਰਬੰਧ ਨਹੀਂ ਸਗੋਂ ਸ਼ਕਤੀਸ਼ਾਲੀ ਭਾਵ ਪ੍ਰਬੰਧ ਹੈ ਜਿਸ ਕਰਕੇ ਉਸ ਦੀਆਂ ਕਵਿਤਾਵਾਂ ਵਧੇਰੇ ਜਜ਼ਬਾਤੀ ਹੁੰਦੀਆਂ ਹਨ। ਇਸ ਤੋਂ ਬਾਅਦ ਦਵਿੰਦਰ ਸਤਿਆਰਥੀ ਦਾ ਨਾਮ ਜ਼ਿਕਰਯੋਗ ਹੈ। ਆਪ ਜੀ ਦਾ ਜਨਮ ਪਿੰਡ ਭਦੌੜ ਜਿਲ੍ਹਾ ਸੰਗਰੂਰ (1908 2003) ਵਿਖੇ ਹੋਇਆ। ਲੋਕ ਗੀਤਾਂ ਨੂੰ ਇਕੱਠਾ ਕਰਨਾ ਆਪ ਜੀ ਦਾ ਸ਼ੌਂਕ ਸੀ।

ਧਰਤੀ ਦੀਆਂ ਵਾਜਾ (1941) ਮੁੜ੍ਹਕਾ ਤੇ ਕਣਕ (1950) ਬੁੱਢੀ ਨਹੀਂ ਧਰਤੀ (1953) ਲੱਕ ਟੁਣੂ ਟਣੂ (1959) ਕਾਵਿ ਪੁਸਤਕਾਂ ਹਨ। ਕਵੀ ਤੋਂ ਇਲਾਵਾ ਦਵਿੰਦਰ ਸਥਿਆਰਥੀ ਕਹਾਣੀਕਾਰ ਅਤੇ ਨਾਵਲਕਾਰ ਵੀ ਸੀ। ਆਪ ਦੀਆਂ ਰਚਨਾਵਾਂ ਅੰਗਰੇਜ਼ੀ, ਹਿੰਦੀ ਅਤੇ ਉਰਦੂ ਵਿੱਚ ਅਨੁਵਾਦ ਹੋਈਆਂ। ਆਪ ਦੀ ਪ੍ਰਸਿੱਧੀ ਲੋਕ ਸਾਹਿਤ ਸਮੱਗਰੀ ਇਕੱਠੀ ਕਰਨ ਵਾਲੇ ਇੱਕ ਯਾਤਰੀ ਵਜੋ ਹੋਈ। ਜੀਤ ਸਿੰਘ ਸ਼ੀਤਲ ਅਨੁਸਾਰ ਦਵਿੰਦਰ ਸਥਿਆਰਥੀ ਕਾਵਿ ਪਰੰਪਰਾ ਅਤੇ ਆਧੁਨਿਕਤਾ ਦਾ ਮਿਸ਼ਰਣ ਹੈ।

ਮਾਲਵੇ ਦਾ ਇਲਾਕਾ ਬਾਕੀ ਖਿੱਤਿਆਂ ਦੇ ਮੁਕਾਬਲੇ ਵਧੇਰੇ ਹੋਣ ਕਾਰਨ ਇੱਥੇ ਕਵੀ/ਲੇਖਕ ਬਹੁ-ਗਿਣਤੀ ਵਿੱਚ ਹੋਏ ਹਨ। ਪਿਆਰਾ ਸਿੰਘ ਸਹਿਰਾਈ (1915 1998) ਦਾ ਜਨਮ ਪਿੰਡ ਛਾਪਿਆਂ ਵਾਲੀ ਜ਼ਿਲ੍ਹਾ ਮਾਨਸਾ ਵਿਖੇ ਹੋਇਆ। ਆਪ ਕਵੀ ਦੇ ਨਾਲ ਨਾਲ ਅਨੁਵਾਦਕ ਵੀ ਸਨ। ਸਹਿਰਾਈ ਪੰਛੀ (1940) ਤਾਰਿਆਂ ਦੀ ਲੋਅ (1942) ਧਰਤੀ ਦੇ ਗੀਤ (1949) ਸਮੇਂ ਦੀ ਵਾਗ (1951) ਸ਼ਕੁੰਤਲਾ (1952) ਲਗਰਾਂ (1955) ਰੁਣ ਝੁਣ ਸਨ (1956) ਵਣ ਤ੍ਰਿਣ (1970) ਗੁਜਰਗਾਹ (1979) ਬਾਤਾਂ ਵਕਤ ਦੀਆਂ 1985 ਗੀਤ ਮਰਿਆਂ ਨਹੀਂ ਕਰਦੇ (1988) ਸੰਗੀਤ ਦੇ ਖੰਭ (1992) ਗੌਤਮ ਬੁਧ (1994) ਜੋਤ ਇਕ ਸਰੂਪ ਦਸ (1995) ਰਾਜਹੰਸ ਦਾ ਗੀਤ (1996) ਪ੍ਰਮੁੱਖ ਕਾਵਿ ਰਚਨਾਵਾਂ ਹਨ। ਆਪ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸਬੰਧਿਤ ਕਵੀ ਸਨ। ਲੋਕ ਗੀਤਾਂ ਦੀਆਂ ਧਾਰਨਾਵਾਂ ਅਤੇ ਦੇਸੀ ਸ਼ਬਦਾਵਲੀ ਦੀ ਭਰਪੂਰ ਵਰਤੋਂ ਆਪ ਦੀ ਕਵਿਤਾ ਦਾ ਪ੍ਰਮੁੱਖ ਗੁਣ ਹੈ।

ਸੰਤੋਖ ਸਿੰਘ ਧੀਰ ਦਾ ਜਨਮ ਬੱਸੀ ਪਠਾਣਾਂ ਜ਼ਿਲ੍ਹਾ ਪਟਿਆਲਾ (ਮੌਜੂਦਾ ਫਤਿਹਗੜ੍ਹ ਸਾਹਿਬ) (1920- 2010) ਵਿਖੇ ਹੋਇਆ। ਆਪ ਦੀਆਂ ਸਾਹਿਤਕ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ: ਗੁੱਡੀਆਂ ਪਟੋਲੇ (1944) ਪਹੁ ਫੁਟਾਲਾ (1948) ਧਰਤੀ ਮੰਗਦੀ ਮੀਂਹ ਵੇ (1952) ਪੱਤ ਝੱੜੇ ਪੁਰਾਣੇ (1955) ਬਿਰਹੜੇ (1960) ਅੱਗ ਦੇ ਪੱਤੇ (1976) ਕਾਲੀ ਬਰਛੀ (1980) ਸੰਜੀਵਨੀ (1983) ਸਿੰਗਾਵਲੀ(1983) ਆਉਣ ਵਾਲਾ ਸੂਰਜ (1985) ਜਦੋਂ ਅਸੀਂ ਆਵਾਂਗੇ (1988) ਪੈਰ (2000) ਕਾਵਿ ਸੰਗ੍ਰਹਿ ਹਨ। ਸਿੱਟਿਆਂ ਦੀ ਛਾਂ (1950) ਸਵੇਰ ਹੋਣ ਤੱਕ (1955) ਸਾਂਝੀ ਕੰਧ (1958) ਸ਼ਰਾਬ ਦਾ ਗਿਲਾਸ (1970) ਊਸ਼ਾ ਭੈਣ ਜੀ ਚੁੱਪ ਸਨ (1951) ਪੱਖੀ (1991) ਇੱਕ ਕੁੱਤਾ ਤੇ ਮੈਂ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਇਸ ਤੋਂ ਇਲਾਵਾ ਸ਼ਰਾਬੀ ਜਾਂ ਦੋ ਫੁਲ (1963) ਯਾਦਗਾਰ (1979) ਅਤੀਤ ਦੇ ਪਰਛਾਵੇਂ (1981) ਮੈਨੂੰ ਇੱਕ ਸੁਪਨਾ ਆਇਆ (1991) ਹਿੰਦੋਸਤਾਨ ਹਮਾਰਾ (1994) ਨਾਵਲ ਲਿਖੇ। ਹੀਰਾ ਸਿੰਘ ਦਰਦ ਇਨਾਮ (1979) ਭਾਸ਼ਾ ਵਿਭਾਗ, ਪੰਜਾਬ ਪੁਰਸਕਾਰ (1980) ਨਾਗਮਣੀ ਇਨਾਮ (1982) ਪੰਜਾਬੀ ਸਾਹਿਤ ਅਕਾਦਮੀ ਇਨਾਮ (1991) ਪੰਜਾਬ ਸਾਹਿਤ ਅਕਾਦਮੀ ਫੈਲੋਸ਼ਿਪ (1993) ਸਨਮਾਨ ਮਿਲੇ।

ਅਜਾਇਬ ਚਿੱਤਰਕਾਰ ਦਾ ਨਾਮ ਵੀ ਮਾਲਵੇ ਦੀ ਧਰਤੀ ਨਾਲ ਜੁੜਦਾ ਹੈ। ਆਪ ਦਾ ਜਨਮ 1924 ਈ: ਵਿੱਚ ਘਵੱਦੀ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਕੁਝ ਸਮਾਂ ਸਕੂਲ ਵਿੱਚ ਮਾਸ਼ਟਰੀ ਕਰਨ ਉਪਰੰਤ ਆਪ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਆਰਟਿਸਟ ਵੱਜੋਂ ਨੌਕਰੀ ਕਰਦੇ ਰਹੇ। ਆਪਣੇ ਆਪਣਾ ਕਾਵਿ ਸਫਰ ਦੋਮੇਲ (1947) ਤੋਂ ਸ਼ੁਰੂ ਕੀਤਾ। ਇਸ ਤੋਂ ਬਾਅਦ ਭੁਲੇਖਾ (1949) ਸੱਜਰੀ ਪੈੜ (1955) ਸੂਰਜ ਮੁਖੀਆ (1956) ਚਾਰ ਯੁੱਗ (1956) ਆਪ ਬੀਤੀ (1960) ਪੰਜਾਬੀ ਦੀ ਕਹਾਣੀ (1961) ਸੱਚ ਦਾ ਸੂਰਜ (1975) ਅਵਾਜਾਂ ਦੇ ਰੰਗ (1976) ਜ਼ਖਮੀ ਖਿਆਲ ਦਾ ਚਿਹਰਾ (1981) ਨਗਮੇ ਦਾ ਲਿਬਾਸ (1982) ਚੰਨਾ ਤੇ ਕਲਾਵੰਤ (1983) ਕਿਰਨ (1985) ਸੁਪਨਿਆਂ ਦਾ ਟਾਪੂ (1998) ਕਾਵਿ ਸੰਗ੍ਰਹਿ ਲਿਖੇ। ਆਪ ਨੇ ਗਜ਼ਲ ਖੰਡ ਕਾਵਿ ਅਤੇ ਲੰਮੀ ਕਵਿਤਾ ਵੀ ਲਿਖੀ।

ਪੰਜਾਬੀ ਕਵਿਤਾ ਅਕਸਰ ਲਹਿਰਾਂ ਵਿੱਚ ਚਲਦੀ ਰਹੀ ਹੈ। ਸਮੇਂ-ਸਮੇਂ ਤੇ ਇਹਨਾਂ ਲਹਿਰਾਂ (ਵਿਚਾਰਧਾਰਾ) ਵਿੱਚ ਤਬਦੀਲੀ ਆਉਂਦੀ ਰਹੀ ਹੈ। ਪ੍ਰਯੋਗਸ਼ੀਲ ਲਹਿਰ, ਨਕਸਲਵਾੜੀ ਲਹਿਰ, ਪੰਜਾਬ ਸੰਕਟ ਦਾ ਦੌਰ ਅਤੇ 1990 ਤੋਂ ਬਾਅਦ ਦਾ ਉਤਰ-ਆਧੁਨਿਕ ਦੌਰ ਦੀ ਕਵਿਤਾ ਆਪਣੇ ਵੱਖਰੇ ਮੁਹਾਂਦਰੇ ਕਾਰਨ ਚਰਚਾ ਦਾ ਵਿਸ਼ਾ ਰਹੀ। ਪੰਜਾਬ ਵਿੱਚ ਵੱਸਦੇ ਕਵੀਆਂ ਨੇ ਹਰੇਕ ਵਿਚਾਰਧਾਰਾ ਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਦੀ ਕੋਸ਼ਿਸ਼ ਕੀਤੀ। ਜਿੱਥੋਂ ਤੱਕ ਮਾਲਵੇ ਦੇ ਕਵੀਆਂ ਦਾ ਸਬੰਧ ਹੈ (ਭਾਵੇਂ ਉਹ ਗੈਰ-ਮਲਵਈ ਇਲਾਕੇ ਦੇ ਜੰਮਪਲ ਹੋਣ) ਉਹਨਾਂ ਨੇ ਪ੍ਰਗਤੀਵਾਦੀ, ਜੁਝਾਰਵਾਦੀ, ਰੁਮਾਂਸਵਾਦੀ, ਨਾਰੀ ਸਰੋਕਾਰਾਂ ਦੀ ਕਵਿਤਾ, ਵੰਡ ਨਾਲ ਸਬੰਧਤ ਕਵਿਤਾ ਵਿਰੋਧ ਦੀ ਕਵਿਤਾ, ਗੱਲ ਕੀ ਜੀਵਨ ਦੇ ਹਰ ਪਹਿਲੂ ਨਾਲ ਸੰਬੰਧ ਰੱਖਣ ਵਾਲੀ ਭਾਵਨਾ ਨੂੰ ਕਵਿਤਾ ਰਾਹੀਂ ਚਿਤਾਰਿਆ। ਸੰਤੋਖ ਸਿੰਘ ਧੀਰ ਜਿਹੇ ਕਵੀਆਂ ਨੇ ਨਕਸ਼ੇ ਕਦਮ ਤੇ ਚਲਦਿਆਂ ਸੁਰਜੀਤ ਰਾਮਪੁਰੀ (1926-1990) ਨੇ ਵੀ ਉਸ ਮੁਹਾਵਰੇ ਦੀ ਕਵਿਤਾ ਲਿਖਣੀ ਸ਼ੁਰੂ ਕੀਤੀ। ਇਹਨਾਂ ਦਾ ਜਨਮ ਪਿੰਡ ਰਾਮਪੁਰ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਗੀਤਾਂ ਭਰੀ ਸਵੇਰ (1956) ਠਰੀ ਚਾਨਣੀ (1959) ਸੁਪਨਿਆਂ ਦੇ ਪਰਛਾਵੇਂ (1973 ਗਜ਼ਲ ਸੰਗ੍ਰਹਿ) ਦਰਦ ਕਹਾਣੀ ਰਾਤਾਂ ਦੀ (1977 ਗੀਤ ਸੰਗ੍ਰਹਿ) ਬੁੱਢਾ ਦਰਿਆ (1978) ਗਾਉਂਦੀ ਹੈ ਤਨਹਾਈ (1981) ਮੈਂ ਸਿਰਫ ਆਵਾਜ਼ ਹਾਂ (1982) ਪੀੜਾਂ ਦੀ ਖੁਸ਼ਬੋ (1984) ਪੁਸਤਕਾਂ ਛਪੀਆਂ। ਪ੍ਰਗਤੀਵਾਦੀ ਵਿਚਾਰਧਾਰਾ ਦਾ ਕਵੀ ਹੋਣ ਕਰਕੇ ਆਪਣੇ ਦੇਸ਼ ਵਿੱਚ ਅਮਨ ਅਤੇ ਇਕਸਾਰਤਾ ਲਿਆਉਣ ਲਈ ਕਵਿਤਾ ਗੀਤ ਦੀ ਰਚਨਾ ਕੀਤੀ। ਸੁਰਜੀਤ ਰਾਮਪੁਰੀ ਵਾਂਗ ਹੀ ਗੁਰਚਰਨ ਰਾਮਪੁਰੀ ਵੀ ਰਾਜਪੁਰ ਜ਼ਿਲ੍ਹਾ ਲੁਧਿਆਣਾ ਦਾ ਵਸਨੀਕ ਹੈ। ਪੰਜਾਬ ਵਿੱਚ ਕੁਝ ਸਮਾਂ ਕਲਰਕੀ ਅਤੇ ਪੱਤਰਕਾਰੀ ਕੀਤੀ ਅਤੇ ਫਿਰ ਆਪ ਕੈਨੇਡਾ ਚਲੇ

ਗਏ। ਕਣਕਾਂ ਦੀ ਖੁਸ਼ਬੋ(1953) ਕੌਲ ਕਰਾਰ (1960) ਕਿਰਨਾਂ ਦਾ ਆਲਣਾ (1963) ਅੰਨ੍ਹੀ ਗਲੀ (1972) ਕੰਚਨੀ (1980) ਕਤਲਗਾਹ (1985) ਅਗਨਾਰ (1993) ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਜੁੜਿਆ ਇੱਕ ਹੋਰ ਪ੍ਰਸਿੱਧ ਨਾਮ ਪ੍ਰੀਤਮ ਸਿੰਘ ਰਾਹੀ ਹੁਰਾਂ ਦਾ ਹੈ। ਆਪ ਦਾ ਜਨਮ 30 ਅਕਤੂਬਰ 1936 ਨੂੰ ਪਿੰਡ ਸਿੱਖਾਂਵਾਲਾ ਜ਼ਿਲ੍ਹਾ ਫਰੀਦਕੋਟ ਵਿੱਚ ਹੋਇਆ। ਆਪ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ: ਕਰੁਣਾ (1960) ਕਚਨਾਰ (1962) ਕੰਜਕਾਂ (1965) ਕਾਇਆ ਦੇ ਰੁੱਖ (1968) ਅੱਥਰਾ ਘੋੜਾ (1975) ਸਾਗਰ ਤੋਂ ਸਲੀਬ ਤੱਕ (1985) ਪਰਤ ਦਰ ਪਰਤ (1987) ਕਾਸ਼ਨੀ ਧੁੱਪਾਂ (1988) ਸੁੱਕੇ ਪੱਤੇ ਦੀ ਦਸਤਕ (1995) ਗਜ਼ਾਲ (1999)। ਆਪਨੇ  ਅਨੁਵਾਦ ਵੀ ਕੀਤੇ ਅਤੇ ਕਈ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ। ਤ੍ਰੈਮਾਸਿਕ ਰਸਾਲਾ 'ਮੁਹਾਂਦਰਾ' ਆਪ ਜੀ ਦੀ ਹੀ ਦੇਣ ਹੈ। ਕਮਿਊਨਿਸਟ ਵਿਚਾਰਾਂ ਦੇ ਧਾਰਨੀ ਹੋਣ ਕਾਰਨ ਆਪ ਰਾਜਸੀ ਅਤੇ ਸਾਹਿਤਿਕ ਜੱਥੇਬੰਦੀਆਂ ਵਿੱਚ ਵਿਸ਼ੇਸ਼ ਤੌਰ ਤੇ ਸਰਗਰਮ ਰਹੇ। ਮਾਲਵੇ ਨਾਲ ਸਬੰਧਤ ਪਿੰਡ ਪੰਡੋਰੀ ਜ਼ਿਲ੍ਹਾ ਸੰਗਰੂਰ ਦਾ ਜੰਮਪਲ ਸੁਰਿੰਦਰ ਗਿੱਲ (1942) ਦੇ ਕਾਵਿ ਸੰਗ੍ਰਿਹ ਸ਼ਗਨ (1963) ਸਫਰ ਤੇ ਸੂਰਜ (1967) ਗੂੰਗਾ ਦਰਦ (1987) ਆਵਾਜ਼ (1988) ਵੀ ਜ਼ਿਕਰਯੋਗ ਹਨ।

ਡਾ: ਜਸਬੀਰ ਸਿੰਘ ਆਹਲੂਵਾਲੀਆ ਦਾ ਜਨਮ 5 ਫਰਵਰੀ 1935 ਈ: ਨੂੰ ਗੁਰੂਹਰਸਾਏ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਹੋਇਆ। ਆਪ ਨੇ ਲੰਮਾ ਸਮਾਂ ਉਚ ਅਦਾਰਿਆਂ ਵਿੱਚ ਉਚ-ਅਧਿਕਾਰੀ ਦੇ ਤੌਰ ਤੇ ਕੰਮ ਕੀਤਾ। ਡਾ. ਆਹਲੂਵਾਲੀਆ ਪ੍ਰਯੋਗਸ਼ੀਲ ਲਹਿਰ ਦਾ ਪ੍ਰਮੁੱਖ ਕਵੀ ਹੀ ਨਹੀਂ ਸਗੋ ਮੋਢੀ ਅਤੇ ਸਿੰਧਾਤਕਾਰ ਵੀ ਹਨ। ਕਾਗਜ਼ ਦਾ ਰਾਵਣ (1965) ਕੂੜ ਰਾਜਾ ਕੂੜ ਪਰਜਾ (1970) ਸੱਚ ਕੀ ਬੇਲਾ (1977) ਬਾਹਰੋਂ ਸਰਾਪੇ ਅੰਦਰੋਂ ਗੁਆਚੇ (1985) ਕਾਇਆ ਕਪੜ ਟੁਕ ਟੁਕ ਹੋਸੀ (1997) ਪ੍ਰਮੁੱਖ ਕਾਵਿ ਸੰਗ੍ਰਹ ਹਨ। ਵਿਸੰਗਤੀਆਂ ਤੇ ਵਿਅੰਗ ਕਸਣਾ ਉਸਦੀ ਪ੍ਰਮੁੱਖ ਕਾਵਿ ਜੁਗਤ ਹੈ। ਸੁਰਜੀਤ ਹਾਂਸ ਵੀ ਮਾਲਵੇ ਨਾਲ ਸਬੰਧਤ ਕਵੀ ਹੈ। ਉਸਦਾ ਜਨਮ ਪਿੰਡ ਸੁਜਾਨਪੁਰ ਜ਼ਿਲ੍ਹਾ ਲੁਧਿਆਣਾ ਵਿਖੇ 31 ਅਕਤੂਬਰ 1931 ਈ: ਨੂੰ ਹੋਇਆ। ਸੁਰਜੀਤ ਹਾਂਸ ਬਹੁ ਵਧਾਈ ਲੇਖਕ ਹੈ। ਆਪਨੇ ਇਤਿਹਾਸ ਦੀਆਂ ਪੁਸਤਕਾਂ ਵੀ ਲਿਖੀਆਂ। ਲੂਣ ਦੀ ਡਲੀ ਗੁਲਾਬੀ ਫੁਲ (1969) ਗੱਲ੍ਹੋ (1986) ਸਾਬਕਾ (1988) ਅਪਸਰਾ, ਅਗਿਆਤ, ਅਗਿਆਤ ਮ੍ਰਿਤਕ ਦੇ ਨਾ (1991) ਕਾਂਙਲੀ, ਨਜ਼ਰਸਾਨੀ, ਪੁਰਸ਼ਮੇਧ, ਹੁਣ ਤਾਂ ਲੰਘ ਚੱਲੀ, ਬਿਰਧ ਲੋਕ, ਕੰਧੀ ਉਤੈ (2004) ਪ੍ਰਮੁੱਖ ਪੁਸਤਕਾਂ ਹਨ। ਇਸ ਤੋਂ ਇਲਾਵਾ ਰਣਧੀਰ ਚੰਦ (1943-1992) ਪਿੰਡ ਸੁਰਘੁਰੀ ਜ਼ਿਲ੍ਹਾ ਫਰੀਦਕੋਟ ਵੀ ਬਹੁ-ਵਿਧਾਵੀ ਲੇਖਕ ਸੀ। ਕਹਾਣੀ, ਕਵਿਤਾ ਆਲੋਚਨਾ, ਖੋਜ ਸੰਪਾਦਨਾ ਤੋਂ ਇਲਾਵਾ ਅਨੁਵਾਦ ਦਾ ਕੰਮ ਵੀ ਆਪ ਨੇ ਕੀਤਾ। ਮੇਰੇ ਗੁੰਮਨਾਮ ਦਿਨ (1967) ਗੁੰਬਦ (1972) ਇਕ ਸੂਰਜ ਮੇਰਾ ਵੀ (1977) ਬਰਫ਼ ਦੇ ਘਰ (1989) ਰਾਤ ਸ਼ਹਿਰ ਤੇ ਰੇਤ (1982) ਕਾਵਿ ਸੰਗ੍ਰਹਿ ਹਨ। ਪੰਜਾਬੀ ਗਜ਼ਲ ਵਿੱਚ ਨਵੀਨਤਾ ਲਿਆਉਣ ਦਾ ਸਿਹਰਾ ਵੀ ਆਪ ਸਿਰ ਬੱਝਦਾ ਹੈ।

ਪੰਜਾਬੀ ਕਵਿਤਾ ਵਿੱਚ ਅਜਿਹੇ ਕਈ ਵੱਡੇ ਨਾਮ ਹਨ ਜੋ ਮਾਲਵੇ ਦੇ ਵਾਸੀ ਸਨ ਅਤੇ ਜਿਨ੍ਹਾਂ ਪੰਜਾਬੀ ਕਵਿਤਾ ਨੂੰ ਸਿਖਰਾਂ ਤੇ ਪਹੁੰਚਾਇਆ ਚਾਹੇ ਗੱਲ ਪ੍ਰਗਤੀਵਾਦੀ ਕਵਿਤਾ ਦੀ ਹੋਵੇ ਚਾਹੇ ਜੁਝਾਰਵਾਦੀ ਕਵਿਤਾ ਦੀ, ਮਾਲਵੇ ਦੇ ਕਮਵੀਆਂ ਦਾ ਨਾਮ ਮੂਹਰਲੀ ਕਤਾਰ ਵਿੱਚ ਆਉਂਦਾ ਹੈ। ਇਹਨਾਂ ਪੰਜਾਬੀ ਸਾਹਿਤ ਦੀ ਰੱਜ ਕੇ ਸੇਵਾ ਕੀਤੀ। ਠੇਠ ਮਲਵਈ ਉਪ-ਭਾਸ਼ਾ ਦੇ ਸ਼ਬਦਾਂ ਦੀ ਵਰਤੋਂ ਇਹਨਾਂ ਦੀਆਂ ਰਚਨਾਵਾਂ ਵਿੱਚ ਆਮ ਵੇਖਣ ਨੂੰ ਮਿਲਦੀ ਹੈ। ਜ਼ੁਲਮ ਕਰਨ ਅਤੇ ਸਹਿਣ ਦੋਹਾਂ ਨੂੰ ਮਲਵਈ ਪਾਪ ਸਮਝਦੇ ਹਨ। ਇਹਨਾਂ ਦੇ ਜੁਝਾਰੂ ਚਰਿੱਤਰ ਕਾਰਨ ਹੀ ਸੰਤ ਰਾਮ ਉਦਾਸੀ ਅਤੇ ਲਾਲ ਸਿੰਘ ਦਿਲ ਜਿਹੇ ਨਾਮਵਰ ਕਵੀ ਇੱਥੇ ਪੈਦਾ ਹੋਏ। ਇਹਨਾਂ ਨੇ ਆਪਣੇ ਤੋਂ ਪਹਿਲਾਂ ਪ੍ਰਚਲਿਤ ਪ੍ਰਯੋਗਵਾਦੀ ਲਹਿਰ ਦੀ ਤਰਜ਼ਮਾਨੀ ਕਰਦੀ ਸ਼ਹਿਰੀ ਚੇਤਨਾ ਦੀ ਥਾਂ ਜੀਵੰਤ ਪੇਂਡੂ ਸੰਵੇਦਨਾ ਨੂੰ ਪੇਸ਼ ਕੀਤਾ। ਵਿਸ਼ਾਲ ਪੇਂਡੂ ਜਨ ਸਮੂਹ ਨਾਲ ਜੁੜਨਾ ਇਹਨਾਂ ਕਵੀਆਂ ਦੀ ਵੱਡੀ ਪ੍ਰਾਪਤੀ ਮੰਨੀ ਜਾਂਦੀ ਹੈ। ਇਸ ਧਾਰਾ ਦੇ ਕਵੀਆਂ ਨੇ ਪੰਜਾਬੀ ਸਾਹਿਤ ਦੀ ਲੋਕਹਿੱਤ ਵਿੱਚ ਖੋਲਣ ਵਾਲੀ ਅਮੀਰ ਪਰੰਪਰਾ ਨੂੰ ਅੱਗੇ ਤੋਰਿਆ।

ਸੰਤ ਰਾਮ ਉਦਾਸੀ (1939-1986) ਮਾਲਵੇ ਦੀ ਇੱਕ ਅਜਿਹੇ ਸਿਰਮੋਰ ਕਵੀ ਸਨ ਜਿਨ੍ਹਾਂ ਨੇ ਪੰਜਾਬੀਆਂ ਦੀ ਸੁੱਤੀ ਜ਼ਮੀਰ ਨੂੰ ਜਗਾਉਣ ਦਾ ਉਪਰਾਲਾ ਕੀਤਾ। ਆਪ ਜੀ ਦਾ ਜਨਮ 20 ਅਪ੍ਰੈਲ 1939 ਈ: ਨੂੰ ਪਿੰਡ ਰਾਏਸਰ ਤਹਿਸੀਲ ਬਰਨਾਲਾ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਲਹੂ ਭਿੱਜੇ ਬੋਲ (1971) ਸੈਨਤਾਂ (1976) ਚੌਂ ਨੁਕਰੀਆਂ ਸੀਖਾਂ (1978) ਲਹੂ ਤੋਂ ਲੋਹੇ ਤੱਕ (1989) ਉਸ ਦੇ ਕਾਵਿ ਸੰਗ੍ਰਿਹ ਹਨ। ਸੰਤ ਰਾਮ ਉਦਾਸੀ ਨਕਸਲਬਾੜੀ ਦੌਰ ਦਾ ਮਸ਼ਹੂਰ ਗੀਤਕਾਰ ਸੀ। ਉਹ ਨਕਸਲਬਾੜੀ ਲਹਿਰ ਦੇ ਵਿਚਾਰਾਂ ਨੂੰ ਲੋਕ ਮੁਹਾਵਰੇ ਅਨੁਸਾਰ ਗੀਤਾਂ ਵਿੱਚ ਢਾਲ ਕੇ ਪੇਸ਼ ਕਰਦਾ ਸੀ। ਉਸ ਦੇ ਗੀਤ ਪ੍ਰਚਲਿਤ ਲੋਕ ਗੀਤਾਂ ਵਾਂਗ ਮਾਲਵੇ ਖਿੱਤੇ ਵਿੱਚ ਸਪੀਕਰਾਂ ਰਾਹੀਂ ਆਮ ਵੱਜਦੇ ਸਨ। ਸੰਤ ਰਾਮ ਉਦਾਸੀ ਨਾਰੀ ਸਮੱਸਿਆਵਾਂ ਜਿਵੇਂ ਦਾਜ, ਜਿਣਸੀ ਤਸ਼ੱਦਦ, ਗੁਲਾਮੀ ਆਦਿ ਨੂੰ ਬੜੀ ਭਾਵੁਕਤਾ ਨਾਲ ਪੇਸ਼ ਕਰਨ ਵਾਲਾ ਕਵੀ ਸੀ। 'ਡੋਲੀ' ਕਵਿਤਾ ਮਾਲਵੇ ਵਿੱਚ ਏਨੀ ਪ੍ਰਸਿੱਧ ਹੋਈ ਕੀ ਇਹ ਵਿਆਹਾਂ ਮੌਕੇ ਸਿੱਖਿਆ ਵਜੋਂ ਪੜ੍ਹੀ ਜਾਂਦੀ ਰਹੀ।

ਸੰਤ ਰਾਮ ਉਦਾਸੀ ਵਾਂਗ ਹੀ ਨਕਸਲਬਾੜੀ ਲਹਿਰ ਦਾ ਪੈਰੋਕਾਰ ਲਾਲ ਸਿੰਘ ਦਿਲ ਦਾ ਜਨਮ 14 ਅਪ੍ਰੈਲ 1943 ਈ: ਨੂੰ ਪਿੰਡ ਘੁੰਗਰਾਲੀ ਸਿੱਖਾਂ, ਜਿਲ੍ਹਾ ਲੁਧਿਆਣਾ ਵਿੱਚ ਹੋਇਆ। ਸਤਲੁਜ ਦੀ ਹਵਾ (1972) ਬਹੁਤ ਸਾਰੇ ਸੂਰਜ (1973) ਸੱਥਰ (1997) ਨਾਗਲੋਕ

(1998) ਕਾਵਿ-ਪੁਸਤਕਾਂ ਛਪੀਆਂ। ਇਸ ਤੋਂ ਇਲਾਵਾ 'ਦਾਸਤਾਨ' ਨਾਮਕ ਸਵੈ-ਜੀਵਨੀ ਦੀ ਪੁਸਤਕ ਵੀ ਹੈ। ਜਮਾਤੀ ਅਤੇ ਜਾਤੀ ਵੰਡ, ਲਾਲ ਸਿੰਘ ਦਿਲ ਦੀਆਂ ਕਵਿਤਾਵਾਂ ਦੇ ਵਿਸ਼ੇ ਹਨ।

ਪੰਜਾਬੀ ਸਾਹਿਤ ਪੰਜਾਬੀ ਸਾਹਿਤ ਜਗਤ ਵਿੱਚ ਹਰਭਜਨ ਸਿੰਘ ਹਲਵਾਰਵੀ ਦਾ ਨਾਮ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਹਲਵਾਰਾ ਪਿੰਡ ਜਿਲ੍ਹਾ ਲੁਧਿਆਣਾ ਦੇ ਜੰਮਪਲ ਹਰਭਜਨ ਸਿੰਘ ਨਕਸਲਬਾੜੀ ਲਹਿਰ ਦੇ ਕਵੀ ਹਨ। ਆਪ ਪੰਜਾਬੀ ਟ੍ਰਿਬਿਊਨ ਅਖਬਾਰ ਦੇ ਸੰਪਾਦਕ ਵੀ ਰਹੇ। ਪੌਣ ਉਦਾਸ ਹੈ (1981) ਪਿਗਲੇ ਹੋਏ ਪਲ (1985) ਪੰਖ ਵਿਹੁਣਾ (1991) ਅਤੇ ਪੁੱਲਾਂ ਤੋਂ ਪਾਰ (1999) ਆਪ ਦੇ ਕਾਵਿ ਸੰਗ੍ਰਹਿ ਹਨ। ਇਸ ਤੋਂ ਇਲਾਵਾ ਓਮ ਪ੍ਰਕਾਸ਼ ਸ਼ਰਮਾ (ਕੁੱਸਾ ਪਿੰਡ) ਮਿੰਦਰ ਪਾਲ ਭੱਠਲ (1950) ਪਿੰਡ ਭੱਠਲਾਂ ਜਿਲ੍ਹਾ ਸੰਗਰੂਰ ਦੇ ਨਾਮ ਜ਼ਿਕਰਯੋਗ ਹਨ। ਮਿੰਦਰਪਾਲ ਦੇ ਦੋ ਕਾਵਿ ਸੰਗ੍ਰਹਿ ਦਿੱਲੀ ਦੇ ਰੰਗ (1980) ਅਤੇ ਖੇਤਾਂ ਦੀ ਬੁੱਕਲ (2005) ਵਰਨਣਯੋਗ ਹਨ। ਆਤਮ ਹਮਰਾਹੀ ਕਾਵਿ ਰੇਖਾ ਚਿੱਤਰ ਲਿਖਣ ਵਾਲਾ ਕਵੀ ਹੈ। ਆਪ ਦਾ ਜਨਮ 9 ਫਰਵਰੀ 1936 ਈ: ਨੂੰ ਪੱਤੀ ਦੁੰਨੇ ਕੀ (ਮੋਗਾ) ਵਿਖੇ ਹੋਇਆ। ਬਿਹਾਗ (1968) ਜ਼ਿਕਰ (1976) ਈਮਾਨ (1980) ਅੱਟਣਾ ਦੀ ਗਾਥਾ (1982) ਨਿਆਜ (1987) ਬਾਵਨੀ (1989) ਉਤਰ-ਬਾਵਨੀ (1992) ਬਰਤਾਨਵੀ ਸੱਜਨ ਸੁਹੇਲੜੇ (1994) ਚੌਵੀ ਕੈਰਟ (1996) ਪ੍ਰੋਟੋਨ (1999) ਪ੍ਰੇਰਣਾ(2000) ਖਤਾ(2000) ਰਹਾਓ ( 2000) ਕਾਵਿ ਸੰਗ੍ਰਹਿ ਹਨ। ਆਤਮ ਸੰਜੀਵਨੀ ਦੇ ਨਾਮ ਹੇਠ ਆਪ ਦੀ ਸਮੁੱਚੀ ਕਾਵਿ ਰਚਨਾ ਦਰਜ ਹੈ।

ਵਿਸ਼ਵਨਾਥ ਤਿਵਾੜੀ ਮਾਲਵੇ ਦਾ ਇੱਕ ਮਹੱਤਵਪੂਰਨ ਪਰ ਅਣਗੌਲਿਆ ਕਵੀ ਸੀ। ਆਪ ਦਾ ਜਨਮ 17 ਮਾਰਚ 1936 ਈ: ਨੂੰ ਪਟਿਆਲਾ ਵਿਖੇ ਹੋਇਆ। ਭਾਈ ਵੀਰ ਸਿੰਘ ਸਟੱਡੀ ਇਨ ਮਾਰਡਰਨ ਲਿਟਰੇਚਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਚੇਅਰਮੈਨ ਰਹੇ। ਯਾਦਾਂ ਚੋਂ ਯਾਦਾਂ (1957) ਤਨ ਦੀ ਚਿਖਾ (1966) ਅੱਕ ਦੀ ਅੰਬੀ (1977) ਗਰਾਜ ਤੋਂ ਫੁੱਟ ਪਾਥ ਤੀਕ (1980) ਚੁੱਪ ਦੀ ਪੈੜ ਅਤੇ ਇੱਕਲੇ ਤੋਂ ਇੱਕਲ ਦਾ ਸਫਰ ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਆਪ ਨੂੰ ਸਾਹਿਤ ਅਕਾਦਮੀ ਸਨਮਾਨ ਪ੍ਰਾਪਤ ਹੋਇਆ। ਰਾਜਸੀ ਵਿਚਾਰਾਂ ਕਾਰਨ ਆਪ ਖਾੜਕੂਆਂ ਹੱਥੋਂ ਮਾਰੇ ਗਏ। ਰਾਜਸੀ ਕਾਰਨਾਂ ਕਰਕੇ ਹੀ ਆਪ ਜੀ ਦੀ ਕਵਿਤਾ ਚਰਚਾ ਦਾ ਵਿਸ਼ਾ ਨਹੀਂ ਬਣ ਸਕੀ। ਮਾਲਵੇ ਦੇ ਜੰਮਪਲ ਸਤਿੰਦਰ ਸਿੰਘ ਨੂਰ ਦਾ ਜਨਮ 5 ਅਕਤੂਬਰ 1940 ਈ: ਨੂੰ ਕੋਟਕਪੂਰਾ ਵਿਖੇ ਹੋਇਆ। ਪਹਿਲੀ ਕਾਵਿ ਪੁਸਤਕ ਬਿਰਖ ਨਿਪਤਰੇ (1970) ਵਿੱਚ ਛਪੀ। ਇਸ ਤੋਂ ਬਾਅਦ ਜਲਾਵਤਨੀ (1990) ਸਰਦਲ ਦੇ ਆਰ-ਪਾਰ (1995) ਮੌਲਸਰੀ (1999) ਨਾਲ-ਨਾਲ ਤੁਰਦਿਆਂ (2000) ਛਪੀਆਂ। ਇਸ ਤੋਂ ਇਲਾਵਾ ਕੇਸਰ ਸਿੰਘ ਕੇਸਰ (1940-2004) ਪਿੰਡ ਕਲੇਰਾਂ, ਪਟਿਆਲਾ ਸਾਹਿਤ ਖੋਜ਼, ਆਲੋਚਨਾ ਅਤੇ ਅਧਿਆਪਨ ਨਾਲ ਜੁੜੇ ਹੋਏ ਸਨ। ਆਪ ਜੀ ਦੀ ਸੂਰਜ ਦਾ ਕਤਲ (1970) ਕਾਵਿ ਪੁਸਤਕ ਹੈ। ਅਜਮੇਰ ਸਿੰਘ (1941) ਪਿੰਡ ਭਨੋੜ, ਜਿਲ੍ਹਾ ਲੁਧਿਆਣਾ ਦਾ ਨਾਮ ਵੀ ਵਰਨਣਯੋਗ ਹੈ। ਹਲਾਲ ਅਸਤ (1973) ਅੱਜ ਮੇਰਾ ਹੈ (2001) ਸੰਦਲੀ ਘਟਾਵਾਂ, ਛਾਂਗੇ ਰੁੱਖ ਸਬੂਤੀ ਛਾਂ, ਮਰਨ ਮਿੱਟੀ, ਪ੍ਰਮੁੱਖ ਥਾਂਓ ਸੱਦਏ ਹਨ। ਪੰਜਾਬੀ ਭਾਸ਼ਾ ਦੀ ਭਾਸ਼ਾਈ ਅਮੀਰੀ ਉਸ ਦੀ ਕਵਿਤਾ ਦਾ ਵਿਸ਼ੇਸ਼ ਗੁਣ ਹੈ।

ਮੁੱਢਲੇ ਪੰਜਾਬੀ ਕਵੀਆਂ ਵਿੱਚ ਜੋਗਾ ਸਿੰਘ ਦਾ ਨਾਮ ਵਿਸ਼ੇਸ਼ ਚਰਚਾ ਦਾ ਵਿਸ਼ਾ ਰਿਹਾ ਹੈ। ਆਪ ਦਾ ਜਨਮ 25 ਨਵੰਬਰ 1942 ਈ: ਨੂੰ ਪਿੰਡ ਕਾਨੇ ਕੇ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਕੱਚੀ ਮਿੱਟੀ, ਪੱਕੀ ਮਿੱਟੀ (1970) ਕਸਕ ਕਲੇਜੇ ਮੇ (1974) ਅਲਵਿਦਾ ਖੁਸ਼ਆਮਦੀਦ (1980) ਆਪਣੀ ਮਿੱਟੀ (1982) ਹੁਣ ਉਹ ਵਕਤ ਨਹੀਂ ਰਹੇ (1989) ਅਤੇ ਸਬੂਤੀ ਅਲਵਿਦਾ (2000) ਦੇਹਾਂਤ ਉਪਰੰਤ ਛਪੀ। ਉਸ ਦੀ ਕਵਿਤਾ ਵਿੱਚ ਪੇਂਡੂ ਭਾਸ਼ਾ ਪੇਂਡੂ ਬਿੰਬਾਵਲੀ ਅਤੇ ਡੂੰਘੀ ਮਾਨਵੀ ਸੰਵੇਦਨਾ ਛਲਕਦੀ ਹੈ। ਇਸ ਤੋਂ ਇਲਾਵਾ ਰਵਿੰਦਰ ਭੱਠਲ, ਮਹਿਲ ਕਲਾਂ ਜ਼ਿਲ੍ਹਾ ਸੰਗਰੂਰ ਦਾ ਨਾਮ ਵੀ ਜ਼ਿਕਰਯੋਗ ਹੈ। ਕਾਲੇ ਕੋਹਾਂ ਤੋਂ ਪਰੇ (1975) ਓਦਰੀ ਧੁੱਪ (1978) ਪਾਗਲ ਪੌਣਾਂ (1995) ਅੰਬਰੀ ਅੱਖ (2000) ਸਤਰਾਂ (2005) ਅਤੇ ਸੁਰਜਮੀਨ ਕਾਵਿ ਸੰਗ੍ਰਹਿ ਹਨ। ਉਸਦੀ ਖੁੱਲ੍ਹੀ ਕਵਿਤਾ ਦੀ ਅਸਲ ਸ਼ਕਤੀ ਉਸਦੀ ਲੋਕ ਪਰਾਈ ਬਿੰਬਾਂ ਨਾਲ ਸਜਾਈ ਸ਼ਕਤੀਸ਼ਾਲੀ ਮਲਵਈ ਕਾਵਿ-ਭਾਸ਼ਾ ਹੈ।

1980 ਈ: ਤੋਂ 1990 ਈ: ਤੱਕ ਲਗਭਗ ਹਰ ਕਵੀ ਨੇ ਪੰਜਾਬ ਸੰਕਟ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ। ਪੰਜਾਬ ਸੰਕਟ ਪ੍ਰਤੀ ਲਿਖੀ ਕਵਿਤਾ ਸੰਬੰਧੀ ਹਰ ਕਵੀ ਦਾ ਹੁੰਗਾਰਾ ਉਸਦੀ ਜਾਤੀ, ਜਮਾਤੀ, ਸੰਪਰਦਾਇ ਸਥਿਤੀ, ਸਮੱਸਿਆ ਦੀ ਸਮਝ ਤੇ ਸੇਧ ਅਨੁਸਾਰ ਵੱਖੋ ਵੱਖਰਾ ਸੀ। ਮਾਲਵੇ ਦਾ ਖਿੱਤਾ ਪੰਜਾਬ ਸੰਕਟ ਦੇ ਪ੍ਰਭਾਵ ਹੇਠ ਆਉਣ ਵਾਲਾ ਸਭ ਤੋਂ ਵੱਡਾ ਇਲਾਕਾ ਹੈ। 1947 ਦੀ ਵੰਡ ਤੋਂ ਲੈ ਕੇ 1984 ਦੇ ਫਿਰਕੂ ਦੰਗਿਆਂ ਦੇ ਸੰਤਾਪ ਨੂੰ ਮਲਵਈ ਲੋਕਾਂ ਨੇ ਆਪਣੇ ਪਿੰਡੇ ਤੇ ਹੰਢਾਇਆ ਹੈ। ਪੰਜਾਬ ਦੀ ਕਿਸਾਨੀ ਨੂੰ ਪ੍ਰਭਾਵਿਤ ਕਰਨ ਵਾਲਾ ਇਹੋ ਦੌਰ ਕਿਸੇ ਪੱਖ ਤੋਂ ਵੀ ਹਾਂ-ਪੱਖੀ ਦ੍ਰਿਸ਼ਟੀਕੋਣ ਵਾਲਾ ਨਹੀਂ ਸੀ। ਖਾੜਕੂ ਲਹਿਰ ਦੀ ਉਤਪਤੀ ਤੋਂ ਬਾਅਦ ਕਵੀਆਂ ਨੇ ਕਲਮ ਰਾਹੀਂ ਕਾਬਜ ਰਾਜਸੀ ਲੋਕਾਂ ਦਾ ਵਿਰੋਧ ਸ਼ੁਰੂ ਕੀਤਾ। ਸੁਰਜੀਤ ਪਾਤਰ, ਸਵਰਨਜੀਤ ਸਵੀ, ਸੁਰਜੀਤ ਬਰਾੜ, ਹਰਭਜਨ ਹੁੰਦਲ, ਹਰਭਜਨ ਹਲਵਾਰਵੀ ਅਤੇ ਮਨਜੀਤ ਟਿਵਾਣਾ ਆਦਿ ਕਵੀਆਂ ਨੇ ਸਿਆਸੀ ਰਾਜ ਸੱਤਾ ਦੇ ਦਮਨ ਦਾ ਵਿਰੋਧ ਕੀਤਾ ਮਾਲਵੇ ਦੇ ਕਵੀਆਂ ਵੱਲੋਂ ਜਿੱਥੇ ਇਕ ਪਾਸੇ ਭਾਈਚਾਰਕ ਸਾਂਝ ਕਾਇਮ ਰੱਖਣ ਦੀ ਪ੍ਰੇਰਨਾ ਦਿੱਤੀ ਗਈ ਉਥੇ ਦੂਜੇ ਪਾਸੇ ਇਤਿਹਾਸ ਦੇ ਦੁਖਦੇ ਪਲਾਂ ਤੋਂ ਸਬਕ ਲੈਣ ਲਈ ਵੀ

ਪ੍ਰੇਰਿਆ ਗਿਆ। ਸੁਰਜੀਤ ਪਾਤਰ ਲਿਖਦਾ ਹੈ, "ਉਦੋਂ ਵਾਰਸ ਸ਼ਾਹ ਨੂੰ ਵੰਡਿਆ ਸੀ, ਸ਼ਿਵ ਕੁਮਾਰ ਦੀ ਵਾਰੀ ਹੈ, ਉਹ ਜ਼ਖਮ ਪੁਰਾਣੇ ਭੁੱਲ ਵੀ ਗਏ, ਨਵਿਆਂ ਦੀ ਜੋ ਫਿਰ ਤਿਆਰੀ ਹੈ।

ਪੰਜਾਬੀ ਕਵਿਤਾ ਦੇ ਖੇਤਰ ਵਿੱਚ ਧਰੂ ਤਾਰੇ ਵਾਂਗ ਚਮਕਦਾ ਇਸ ਸਮੇਂ ਇੱਕੋ ਇੱਕ ਨਾਮ ਸੁਰਜੀਤ ਪਾਤਰ (14 ਜਨਵਰੀ 1945 ਈ:) ਹੁਰਾਂ ਦਾ ਹੈ। ਗੈਰ-ਮਲਵਈ ਖੇਤਰ ਦੇ ਜੰਮਪਲ (ਪੱਤੜ ਕਲਾਂ ਜ਼ਿਲ੍ਹਾ ਜਲੰਧਰ) ਸੁਰਜੀਤ ਪਾਤਰ ਨੇ ਜ਼ਿੰਦਗੀ ਦਾ ਕਾਫੀ ਸਮਾਂ ਮਲਵਈ ਖੇਤਰ (ਲੁਧਿਆਣਾ) ਵਿਖੇ ਬਤੀਤ ਕੀਤਾ ਹੈ ਅਤੇ ਅਜੇ ਵੀ ਕਰ ਰਹੇ ਹਨ। ਹਵਾ ਵਿੱਚ ਲਿਖੇ ਹਰਫ (1979) ਬਿਰਖ ਅਰਜ਼ ਕਰੇ (1992) ਹਨੇਰੇ ਵਿੱਚ ਸੁਲਗਦੀ ਵਰਨਮਾਲਾ (1992) ਲਫਜ਼ਾਂ ਦੀ ਦਰਗਾਹ (1999) ਪਤਝੜ ਦੀ ਪਾਜ਼ੇਬ ਉਸ ਦੇ ਪ੍ਰਸਿੱਧ ਕਾਵਿ ਸੰਗ੍ਰਹਿ ਹਨ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਸੇਵਾ ਨਿਭਾਉਂਦੇ ਸੁਰਜੀਤ ਪਾਤਰ ਨੇ ਪੰਜਾਬੀ ਕਵਿਤਾ ਵਿਚ ਮਾਲਵੇ ਦਾ ਨਾਂਮ ਉੱਚਾ ਕੀਤਾ ਹੈ। ਉਸਦਾ ਸਾਊ, ਸ਼ਹਿਰਦ ਸੁਭਾਅ, ਸੰਵੇਦਨਸ਼ੀਲ ਅਤੇ ਸੰਗੀਤਕ ਤਰੰਨੁਮੀ ਆਵਾਜ਼ ਵਾਲੀ ਸ਼ਖਸ਼ੀਅਤ ਮਾਲਵੇ ਦਾ ਮਾਣ ਹੈ। ਉਹ ਇਸ ਦੌਰ ਦਾ ਵੱਡਾ ਸ਼ਾਇਰ ਹੈ। ਉਸ ਕੋਲ ਗੱਲ ਕਹਿਣ ਦੀ ਵਿਧੀ ਅਤੇ ਵਿਚਾਰਧਾਰਾ ਦੋਨੋ ਹਨ। ਮਨਜੀਤ ਟਿਵਾਣਾ ਦਾ ਜਨਮ 1 ਜਨਵਰੀ 1946 ਨੂੰ ਪਟਿਆਲਾ ਵਿਖੇ ਹੋਇਆ। ਇਹਲਾਸ (1971) ਇਲਜ਼ਾਮ (1980) ਉਣੀਂਦਾ ਵਰਤਮਾਨ (1987) ਸਵਿੱਤਰੀ (1992) ਦਰਗਹ (1995) ਜਿਨ ਪ੍ਰੇਮ ਕੀਓ (2000) ਕਾਵਿ ਸੰਗ੍ਰਹਿ ਹਨ। ਉਸ ਦੀਆਂ ਕਵਿਤਾਵਾਂ ਔਰਤ ਦੇ ਪੱਖ ਨੂੰ ਬੇਬਾਕੀ ਨਾਲ ਪੇਸ਼ ਕਰਦੀਆਂ ਹਨ।

ਸ਼ਹਰਯਾਰ ਉਰਫ ਸੰਤੋਖ ਸਿੰਘ ਮਾਲਵੇ ਦਾ ਜੰਮਪਲ ਕਵੀ ਹੈ। ਜ਼ਿਲ੍ਹਾ ਲੁਧਿਆਣਾ ਦੇ ਪਿੰਡ ਅਜਨੇਰ ਵਿਖੇ 1949 ਈ: ਨੂੰ ਸ਼ਹਰਯਾਰ ਦਾ ਜਨਮ ਹੋਇਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਨੌਕਰੀ ਕਰਦੇ ਕਵੀ, ਖੋਜੀ, ਨਾਟਕਕਾਰ ਅਤੇ ਅਨੁਵਾਦਕ ਵੀ ਹਨ। ਅੱਥਰੀ ਵਾਅ (1970) ਹਲਫੀਆ ਬਿਆਨ (1972) ਸਿਧਾਰਥ ਦੀ ਵਾਪਸੀ (1976) ਤੂਫਾਨ ਦੀ ਤਲੀ ਤੇ (1982) ਬੇਚੈਨ ਰਾਤਾਂ ਦੀ ਦਾਸਤਾਂ (1984) ਘੁੱਗੀਆਂ ਮਾਸਾਹਾਰੀਆਂ (1993) ਕੌਣ ਆਵਾਜਾਂ ਮਾਰੇ ਅਤੇ ਜੋਗ ਜੁਗਤਿ (2003) ਕਾਵਿ ਸੰਗ੍ਰਹਿ ਹਨ। ਸ਼ਹਰਯਾਰ ਲੀਹ ਪਾੜ ਕੇ ਕਾਵਿ ਸਿਰਜਣ ਵਾਲਾ ਕਵੀ ਹੈ। ਵਿਲੱਖਣ ਭਾਸ਼ਾ ਅਤੇ ਅਮੀਰ ਬਿੰਬਾਵਲੀ ਉਸ ਦੀਆਂ ਕਵਿਤਾਵਾਂ ਦੇ ਗੁਣ ਹਨ। ਗੁਰਭਜਨ ਗਿੱਲ ਵੀ, ਸੁਰਜੀਤ ਪਾਤਰ ਵਾਂਗ ਗੈਰ ਮਲਵਈ ਹੈ ਪਰੰਤੂ ਰੁਜ਼ਗਾਰ ਕਾਰਨ ਮਾਲਵੇ ਖਿੱਤੇ ਵਿੱਚ ਵੱਸ ਜਾਣ ਕਾਰਨ ਮਲਵਈ ਰੰਗ ਵਿੱਚ ਰੰਗੇ ਜਾਣਾ ਸੁਭਾਵਿਕ ਹੀ ਹੈ। ਸ਼ੀਸ਼ਾ ਝੂਠ ਬੋਲਦਾ ਹੈ (1978) ਹਰ ਧੁਖਦਾ ਪਿੰਡ ਮੇਰਾ ਹੈ (1985) ਬੋਲ ਮਿੱਟੀ ਦਿਆ ਬਾਵਿਆ (1992) ਸੁਰਖ ਸਮੁੰਦਰ (1992) ਦੋ ਹਰਫ ਰਸੀਦੀ (1993) ਅਗਨਿ ਕਥਾ (2000) ਧਰਤੀ ਨਾਦ(2005) ਖੈਰ ਪੰਜਾਂ ਪਾਣੀਆਂ ਦੀ ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਪੰਜਾਬੀ ਸੰਕਟ ਦਾ ਪਰਛਾਵਾਂ ਆਪ ਦੀਆਂ ਕਵਿਤਾਵਾਂ ਵਿੱਚੋ ਸਪੱਸ਼ਟ ਵਿਖਾਈ ਦਿੰਦਾ ਹੈ। ਪੰਜਾਬੀ ਸਾਹਿਤ ਜਗਤ ਨਾਲ ਸੰਬੰਧ ਰਖਦਾ ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇਗਾ ਜੋ ਇੰਦਰਜੀਤ ਹਸਨਪੁਰੀ ਦੇ ਨਾਮ ਤੋਂ ਵਾਕਿਫ ਨਾ ਹੋਵੇ। ਆਪ ਦਾ ਜਨਮ 19 ਅਗਸਤ 1932 ਈ: ਨੂੰ ਪਿੰਡ ਅਕਾਲਗੜ੍ਹ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਆਪ ਕੇਵਲ ਕਵੀ ਹੀ ਨਹੀਂ ਸਗੋਂ ਚਿੱਤਰਕਾਰ, ਸੰਪਾਦਕ, ਫਿਲਮ ਲੇਖਕ ਅਤੇ ਡਾਇਰੈਕਟਰ ਵੀ ਸਨ। ਆਪ ਦੀ ਜਿਆਦਾ ਪ੍ਰਸਿੱਧ ਗੀਤਕਾਰ ਵਜੋਂ ਹੋਈ। ਔਸੀਆਂ (1959) ਸਮੇਂ ਦੀ ਆਵਾਜ਼ (1962) ਜ਼ਿੰਦਗੀ ਦੇ ਗੀਤ (1966) ਜੋਬਨ ਨਵਾਂ ਨਕੋਰ (1967 ) ਰੂਪ ਤੇਰਾ ਰੱਬ ਵਰਗਾ (1968) ਮੇਰੇ ਜਿਹੀ ਕੋਈ ਜੱਟੀ ਵੀ ਨਾ (1968) ਗੀਤ ਮੇਰੇ ਮੀਤ (1983) ਕਿਥੇ ਗਏ ਉਹ ਦਿਨ ਓ ਅਸਲਮ (1986) ਰੰਗ, ਖੁਸ਼ਬੂ, ਰੌਸ਼ਨੀ (1998) ਅਤੇ ਕਿਰਤੀ ਕਿਰਤ ਕਰੇਂਦਿਆਂ ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਇਸ ਤੋਂ ਇਲਾਵਾ ਉਹਨਾਂ ਕਈ ਬਾਲ ਗੀਤ ਵੀ ਲਿਖੇ।

ਦੀਪਕ ਜੈਤੋਈ ਨੇ ਗਜ਼ਲ ਦੇ ਖੇਤਰ ਵਿੱਚ ਨਾਮਣਾ ਖੇਟਿਆ। ਜੈਤੋ ਮੰਡੀ ਵਿਖੇ ਜਨਮੇ ਦੀਪਕ ਜੈਤੋਈ ਦਾ ਜਨਮ 18 ਅਪ੍ਰੈਲ 1925 ਈ: ਨੂੰ ਹੋਇਆ। ਆਪ ਗਜ਼ਲ ਸਕੂਲ ਦੇ ਮੁੱਖ ਸੰਚਾਲਕ ਸਨ। ਮਾਲਾ ਕਿਉ ਤਲਵਾਰ ਬਣੀ, ਦੀਪਕ ਦੀ ਲੋਅ, ਗਜ਼ਲ ਦੀ ਖੁਸ਼ਬੂ ਆਹ ਲੈ ਮਾਏ ਸਾਂਭ ਕੁੰਜੀਆਂ ਪ੍ਰਸਿੱਧ ਗਜ਼ਲ ਸੰਗ੍ਰਹਿ ਤੇ ਕਾਵਿ ਪੁਸਤਕਾਂ ਹਨ। ਆਪ ਗਜ਼ਲਗੋ ਹੋਣ ਦੇ ਨਾਲ-ਨਾਲ ਗੀਤਕਾਰ ਵੀ ਸਨ। ਇਸ ਤੋਂ ਇਲਾਵਾ ਕੁਲਵੰਤ ਸਿੰਘ ਗਰੇਵਾਲ (1941) ਤੇਰਾ ਅੰਬਰਾਂ ਚ ਨਾ ਲਿਖਿਆ (2005) ਦਾ ਜ਼ਿਕਰ ਵੀ ਬਣਦਾ ਹੈ। ਆਪ ਨੇ ਕਵਿਤਾ, ਗੀਤ, ਗਜ਼ਲ ਆਦਿ ਕਈ ਕਾਵਿ ਰੂਪ ਲਿਖੇ। ਸਾਹਿਤ ਅਕਾਦਮੀ ਇਨਾਮ ਨਾਲ ਸਨਮਾਨਿਤ ਦਰਸ਼ਨ ਬੁੱਟਰ ਦਾ ਜਨਮ 7 ਅਕਤੂਬਰ 1954 ਈ: ਨੂੰ ਪਿੰਡ ਥੂਹੀ ਜ਼ਿਲ੍ਹਾ ਪਟਿਆਲਾ ਵਿਖੇ ਹੋਇਆ। ਔੜ ਦੇ ਬੱਦਲ (1985) ਸਲਾਬੀ ਹਵਾ (1994) ਸ਼ਬਦ ਸ਼ਹਿਰ ਦੇ ਰੇਤ (1996) ਖੜਾਵਾਂ (2001) ਮਹਾਂ ਕੰਬਣੀ (2009) ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਪਾਲ ਕੌਰ (1956) ਪਿੰਡ ਕਾਲੋਮਾਜਰਾ ਤਹਿਸੀਲ ਰਾਜਪੁਰਾ ਜ਼ਿਲ੍ਹਾ ਪਟਿਆਲਾ ਦੇ ਜੰਮਪਲ ਹਨ। ਖਲਾਹ ਵਾਸੀ (1986) ਮੈਂ ਮੁਖਾਤਿਬ ਹਾਂ (1988) ਸਵੀਕਾਰ ਤੋਂ ਬਾਅਦ (1993) ਇੰਜ ਨਾ ਮਿਲੀ (1998) ਬਲਦੇ ਖਤਾਂ ਦੇ ਸਿਰਨਾਵੇ (1998) ਕਾਵਿ ਸੰਗ੍ਰਹਿ ਹਨ। ਆਪ ਦੀ ਕਾਫੀ ਕਵਿਤਾ ਪੰਜਾਬ ਸੰਕਟ ਨਾਲ ਸਬੰਧਤ ਹੈ। ਇਸਤਰੀ ਸੰਵੇਦਨਾ ਦਾ ਅਨੁਭਵ ਵੀ ਆਪ ਦੀ ਕਵਿਤਾ ਵਿੱਚ ਵਿਦਵਾਨ ਹੈ। ਮਨਜੀਤ ਪਾਲ ਕੌਰ ਦਾ ਜਨਮ 19 ਅਪ੍ਰੈਲ 1948 ਈ: ਨੂੰ ਫਰੀਦਕੋਟ ਵਿਚ ਹੋਇਆ। ਆਪਨੇ ਕਵਿਤਾ ਤੋਂ ਇਲਾਵਾ ਕਾਵਿ ਨਾਟਕ ਅਤੇ ਆਲੋਚਨਾ ਵੀ ਕੀਤੀ। ਰੇਤ ਦਾ ਸਮੁੰਦਰ (1985) ਮਿਜ਼ਰਾਬ (1991) ਅਤੇ ਆਪਾਂ ਨਾ ਮਿਲਦੇ ਕਾਵਿ ਸੰਗ੍ਰਹਿ ਹਨ। ਸੁਰਜੀਤ ਜੱਜ ਦਾ ਜਨਮ 13 ਮਾਰਚ 1958 ਈ: ਨੂੰ ਪਿੰਡ ਪਲਾਖਾਂ ਜ਼ਿਲ੍ਹਾ

ਪਟਿਆਲਾ ਵਿਖੇ ਹੋਇਆ। ਆਪਨੇ ਗਜ਼ਲ ਸੰਗ੍ਰਹਿ ਪਰਿੰਦੇ ਫੇਰ ਪਰਤਣਗੇ (1990) ਘਰੀ ਮੁੜਦਿਆਂ ਪੈੜਾਂ (1991) ਆਉਂਦੇ ਦਿਨੀਂ (1993) ਦਰਦ ਦੀ ਦਹਿਲੀਜ਼ (1997) ਲਿਖੇ। ਗੀਤਾਂ ਅਤੇ ਗਜ਼ਲਾਂ ਨੂੰ ਨਵੀਆਂ ਬਹਿਰਾਂ ਅਤੇ ਤਰਜ਼ਾਂ ਵਿਚ ਲਿਖਣਾ ਉਸ ਦੀ ਵਿਸ਼ੇਸ਼ਤਾ ਹੈ। ਸਵਰਨਜੀਤ ਸਵੀ ਦਾ ਜਨਮ 20 ਅਕਤੂਬਰ 1958 ਈ: ਨੂੰ ਪਿੰਡ ਗੈਹਲਾ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਸਵੀ ਕਵੀ ਹੋਣ ਦੇ ਨਾਲ-ਨਾਲ ਚਿੱਤਰਕਾਰੀ ਵੀ ਕਰਦਾ ਹੈ। ਉਸ ਦਾ ਪਹਿਲਾ ਕਾਵਿ ਸੰਗ੍ਰਹਿ ਦਾਇਰਿਆਂ ਦੀ ਕਬਰ (1985) ਛਪਿਆ। ਇਸ ਤੋਂ ਬਾਅਦ ਅਵੱਗਿਆ (1987) ਕਾਲਾ ਹਾਸ਼ੀਆ ਤੇ ਸੂਹਾ ਗੁਲਾਬ (1988) ਦਰਦ ਪਿਆਦੇ ਦੇ ਹੋਣ ਦਾ (1990) ਦੇਹੀ ਨਾਦ (1994) ਕਾਮੇਸ਼ਵਰੀ (1999) ਆਸ਼ਰਮ (2005) ਮਾਂ (2007) ਤੇ ਮੈਂ ਆਇਆ ਬੱਸ (2012) ਪੁਸਤਕਾਂ ਛਪੀਆਂ।

ਪੰਜਾਬੀ ਕਵਿਤਾ ਵਿੱਚ ਸਵਰਨਜੀਤ ਸਵੀ ਨੇ ਦੇਹੀ ਨਾਦ ਦੇ ਕਵਿਤਾ ਲਿਖ ਕੇ ਇਕ ਬਹਿਸ ਛੇੜੀ ਕਿਉਂਕਿ ਇਸਤਰੀ ਮਰਦ ਦੇ ਸੰਬੰਧਾਂ ਦੀ ਪੰਜਾਬੀ ਕਵਿਤਾ ਵਿੱਚ ਇਸ ਕਿਸਮ ਦੀ ਬੇਬਾਕ ਪੇਸ਼ਕਾਰੀ ਪਹਿਲਾਂ ਨਾਮਾਤਰ ਹੀ ਹੋਈ ਹੈ। ਮਾਲਵੇ ਦਾ ਇਲਾਕਾ ਕਿਉਂਕਿ ਬਾਕੀ ਸਾਰੇ ਇਲਾਕਿਆਂ ਨਾਲੋਂ ਏਰੀਏ ਦੇ ਪੱਖ ਤੋਂ ਵੱਡਾ ਹੈ ਇਸ ਕਰਕੇ ਇੱਥੇ ਸਾਹਿਤਕ ਸਮਰੱਥਾ ਵਾਲੇ ਲੇਖਕ ਵੀ ਵੱਧ ਹਨ। ਧਰਮ ਕੰਮੇਆਣਾ ਦਾ ਦੇ ਜਨਮ 13 ਅਪ੍ਰੈਲ 1959 ਈ: ਨੂੰ ਪਿੰਡ ਕੰਮੇਆਣਾ ਜ਼ਿਲ੍ਹਾ ਫਰੀਦਕੋਟ ਵਿੱਚ ਹੋਇਆ। ਸੂਲਾ ਵਿੰਨੇ ਫੁੱਲ (1977) ਪੂਜਾ (1978) ਮੈਨੂੰ ਹੱਸਣਾ ਭੁੱਲ ਗਿਆ ਮਾਂ (1982) ਜਾਗ ਕਿਸਾਨਾਂ ਜਾਗ (1991) ਸਮਕਾਲ (1991) ਅੱਗ ਦੇ ਫੁੱਲ (1996) ਨਵੀਆਂ ਪੈੜਾਂ (1997) ਤੋਂ ਇਲਾਵਾ ਸਾਹਿਬਾ (1980) ਕਾਵਿ ਨਾਟਕ ਵੀ ਛਪਿਆ। ਆਪ ਦੀ ਪੇਂਡੂ ਯਥਾਰਥ ਉਪਰ ਡੂੰਘੀ ਪਕੜ ਹੈ ਇਸ ਕਰਕੇ ਹੀ ਆਪ ਦੀ ਕਵਿਤਾ ਪੇਂਡੂ ਬਿੰਬਾਂ ਵਿੱਚ ਢਲੀ ਹੋਈ ਹੈ। ਪੇਂਡੂ ਮੁਹਾਵਰਾ, ਪੇਂਡੂ ਸ਼ਬਦਾਵਲੀ ਅਤੇ ਸੰਗੀਤ ਦੀ ਸਮਝ ਨੇ ਆਪ ਜੀ ਦੀ ਕਵਿਤਾ ਨੂੰ ਦੂਜੇ ਕਵੀਆਂ ਨਾਲੋ ਨਿਖੇੜਿਆ ਹੈ। ਆਪ ਦੇ ਬਹੁਤ ਸਾਰੇ ਗੀਤ ਰਿਕਾਰਡ ਹੋ ਚੁੱਕੇ ਹਨ। ਨਾਭੇ ਸ਼ਹਿਰ ਦਾ ਜੰਮਪਲ ਬਰਜਿੰਦਰ ਚੋਹਾਨ ਨੂੰ ਗਜ਼ਲਕਾਰੀ ਵਿਰਸੇ ਵਿੱਚ ਮਿਲੀ। ਪੋਣਾਂ ਉੱਤੇ ਦਸਤਖਤ (1995) ਆਪ ਦਾ ਗਜ਼ਲ ਸੰਗ੍ਰਹਿ ਹੈ। ਬਲਵਿੰਦਰ ਸਿੰਘ ਸੰਧੂ ਦਾ ਜਨਮ 22 ਫਰਵਰੀ 1962 ਨੂੰ ਪਿੰਡ ਵਰ੍ਹਿਆਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਹੋਇਆ। ਕਵਿਤਾ ਦੀ ਪਹਿਲੀ ਪੁਸਤਕ ਇੱਕ ਗੀਤ ਅਧੂਰਾ (1998) ਅਤੇ ਕੋਮਲ ਸਿੰਘ ਆਖਦਾ ਹੈ (2000) ਛਪੀਆਂ ਹਨ। ਉਸਦੀ ਕਵਿਤਾ ਵਿੱਚ ਮਨਵੀਂ ਰਿਸ਼ਤਿਆਂ ਦੇ ਮੋਹ ਦੀ ਗੱਲ ਹੈ। ਸਤੀਸ਼ ਗੁਲਾਟੀ ਦਾ ਨਾਮ ਕਵਿਤਾ ਦੇ ਖੇਤਰ ਵਿੱਚ ਜਾਣਿਆ-ਪਛਾਣਿਆ ਹੈ। ਉਸਦਾ ਜਨਮ 28 ਅਗਸਤ 1962 ਈ: ਨੂੰ ਕੋਟਕਪੂਰਾ ਵਿਖੇ ਹੋਇਆ। ਸਾਹਿਤ ਨਾਲ ਲਗਾਓ ਆਪ ਨੂੰ ਵਿਰਸੇ ਵਿੱਚੋਂ ਪ੍ਰਾਪਤ ਹੋਇਆ। ਪੰਜਾਬ ਵਿੱਚ ਮਸ਼ਹੂਰ 'ਚੇਤਨਾ ਪ੍ਰਕਾਸ਼ਨ' ਆਪ ਦੀ ਬਦੌਲਤ ਚੱਲ ਰਿਹਾ ਹੈ। 1998 ਈ: ਵਿੱਚ ਆਪ ਨੇ ਪਹਿਲੀ ਗਜ਼ਲਾਂ ਦੀ ਪੁਸਤਕ 'ਚੁੱਪ ਦੇ ਖਿਲਾਫ਼' ਲਿਖੀ ਅਤੇ ਉਸ ਤੋਂ ਬਾਅਦ ਚੁੱਪ ਨਦੀ ਤੇ ਮੈਂ (2005) ਛਪੀ। ਉਸਦੀ ਸ਼ਾਇਰੀ ਵਿੱਚ ਜਜ਼ਬੇ ਦੀ ਤੀਬਰਤਾ ਹੈ ਅਤੇ ਅਰੂਜ਼ ਸੰਜਮ ਦੇ ਦਾਇਰੇ ਵਿੱਚ ਰਹਿੰਦੀ ਹੈ। ਨਾਰੀ ਲੇਖਿਕਾ ਵਿੱਚ ਸੁਖਵਿੰਦਰ ਅੰਮ੍ਰਿਤ ਦਾ ਨਾਮ ਬਹੁਤ ਵੱਡਾ ਹੈ। ਆਪਜੀ ਦਾ ਜਨਮ 11 ਦਸੰਬਰ 1963 ਈ: ਨੂੰ ਲੁਧਿਆਣਾ ਵਿਖੇ ਹੋਇਆ। ਸੂਰਜ਼ ਦੀ ਦਹਿਲੀਜ਼ (1997) ਚਿਰਾਗਾਂ ਦੀ ਡਾਰ (1999) ਕਣੀਆਂ (2000) ਪਤਝੜ ਵਿੱਚ ਪੁੰਗਰਦੇ ਪੱਤੇ (2002) ਧੁੱਪ ਦੀ ਚੁੰਨੀ, ਹਜ਼ਾਰ ਰੰਗਾ ਦੀ ਲਾਟ, ਪੁੰਨਿਆ ਪ੍ਰਮੁੱਖ ਕਾਵਿ ਸੰਗ੍ਰਹਿ ਹਨ।

ਅਮਰਜੀਤ ਕੌਂਕੇ ਦਾ ਜਨਮ 27 ਅਗਸਤ 1964 ਈ: ਨੂੰ ਲੁਧਿਆਣਾ ਵਿਖੇ ਹੋਇਆ। ਕਿੱਤੇ ਵਜੋਂ ਆਪ ਅਧਿਆਪਨ ਖੇਤਰ ਨਾਲ ਜੁੜੇ ਹੋਏ ਸਨ। 'ਦਾਇਰਿਆਂ ਦੀ ਕਬਰ ਚੋਂ (1985) ਨਿਰਵਾਣ ਦੀ ਤਲਾਸ਼ (1987) ਦਵੰਦ ਕਥਾ(1990) ਯਕੀਨ(1993) ਸ਼ਬਦ ਰਹਿਣਗੇ ਕੋਲ(1996) ਸਿਮਰਤੀਆਂ ਦੀ ਲਾਲਟੈਣ(2002) ਪਿਆਸ ਕੋਂਕੇਂ ਦੇ ਹੁਣ ਤੱਕ ਪ੍ਰਕਾਸ਼ਿਤ ਕਾਵਿ ਸੰਗ੍ਰਹਿ ਹਨ। ਅਮਰਜੀਤ ਕੌਂਕੇ ਸਿਰਫ ਕਵਿਤਾ ਲੇਖਨ ਤੱਕ ਹੀ ਮਹਿਦੂਦ ਨਹੀਂ ਬਲਕਿ ਆਪ ਕਾਵਿ-ਆਲੋਚਨ, ਸਫਲ ਅਨੁਵਾਦਕ ਅਤੇ 'ਪ੍ਰਤੀਮਾਨ' ਰਸਾਲੇ ਦੇ ਸੰਪਾਦਕ ਵੀ ਹਨ। ਮੱਧ ਵਰਗੀ ਮਨੁੱਖ ਦੀਆਂ ਆਰਥਿਕ। ਮਾਨਸਿਕ ਲੋੜਾਂ/ਥੁੜਾਂ ਅਤੇ ਰਿਸ਼ਤਿਆਂ ਦੇ ਦਵੰਦ ਨੂੰ ਆਪਣੇ ਆਪਣੀਆਂ ਰਚਨਾਂਵਾ ਵਿਚ ਬਾਖੂਬੀ ਚਿਤਰਿਆ ਹੈ।

ਇਸ ਤੋਂ ਇਲਾਵਾ ਪ੍ਰੀਤਮ ਰਾਹੀ, ਜਗੀਰ ਸਿੰਘ ਜਗਤਾਰ, ਅਮਰ ਕੋਮਲ ਅਜੀਤ ਸਿੰਘ ਰਾਹੀ, ਅਮਰਦੀਪ ਗਿੱਲ, ਸੀ. ਮਾਰਕੰਡਾ, ਸੁਲੱਖਣਮੀਤ, ਕੁਲਵੰਤ ਜਗਰਾਂਓ, ਕੰਵਲਜੀਤ ਭੱਠਲ, ਚਮਨਦੀਪ ਦਿਓਲ, ਜਸਵੀਰ ਛੱਜ, ਮਹਿੰਦਰ ਸਾਥੀ, ਤੇਜਵੰਤ ਮਾਨ, ਕ੍ਰਿਸ਼ਨ ਬੇਤਾਬ, ਗਗਨਦੀਪ ਸਿੰਘ ਦੀਪ ਆਦਿ ਹੋਰ ਅਜਿਹੇ ਨਾਮ ਹਨ ਜਿਨ੍ਹਾ ਨੇ ਇਸ ਖੇਤਰ ਵਿੱਚ ਆਪਣਾ ਯੋਗਦਾਨ ਪਾਇਆ।

ਮੁੱਢਲੇ ਦੌਰ ਦੀ ਪੰਜਾਬੀ ਕਵਿਤਾ ਤੋਂ ਲੈ ਕੇ ਆਧੁਨਿਕ ਤੇ ਫਿਰ ਉਤਰ-ਆਧੁਨਿਕ ਤੱਕ ਦੀ ਕਵਿਤਾ ਵਿੱਚ ਮਾਲਵੇ ਖੇਤਰ ਤੇ ਵਿਸ਼ੇਸ਼ ਹੀ ਨਹੀਂ ਬਲਕਿ ਸਭ ਤੋਂ ਵੱਧ ਅਤੇ ਗੌਰਵਸ਼ਾਲੀ ਯੋਗਦਾਨ ਹੈ। ਹੁਣ ਇਸ ਸਮੇਂ ਵਿੱਚ ਬਹੁਤ ਸਾਰੇ ਚਰਚਿਤ ਨਾਮ ਇਸ ਖੇਤਰ ਵਿੱਚ ਆਪਣੀ ਅੱਡਰੀ ਪਛਾਣ ਬਣਾ ਕੇ ਕੰਮ ਕਰ ਰਹੇ ਹਨ, ਜਿਸ ਤੇ ਚਰਚਾ ਕਰਨਾ ਇੱਕ ਵੱਖਰਾ ਵਿਸ਼ਾ ਹੈ।